# ਕੈਨੇਡਾ ਦਰਪਣ

ਅਗਸਟ 1, 1986

**August 1, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail Reg. No. 5991

# ਕੈਨੇਡਾ ਦਰਪਣ

The Canada Darpan — Punjabi Weekly Newspaper

WEEKENDING AUGUST 1, 1986 Vol. 5 No. 29 Price 35¢ Out of Greater Vancouver 50¢ Ph. (604)581-4473

**ਅੰਦਰ ਪੜ੍ਹੋ :—**


- ਪੰਜਾਬ ਡਾਇਰੀ
- ਕੌਮੀ ਸ਼ਾਵਨਵਾਦ ਦੀ ਭੱਠੀ ਵਿਚ ਸੜਦਾ ਭੁੱਜਦਾ ਪੰਜਾਬ — ਯੁਵਰਾਜ ਰਤਨ
- ਮਾਰੂ ਹਥਿਆਰਾਂ ਦੀ ਖੁਲ੍ਹ — ਹਿੰਸਕ ਰਾਹ —ਅਵਤਾਰ ਸਾਦਿਕ—
- ਗੁਰਸਿੱਖੀ ਕੀ ਹੈ ? —ਮੇਹਰ ਸਿਘ ਸੰਧੂ—
- ਕਹਾਣੀ — ਦੀਪ ਕਦੋਂ ਜਗੇਗਾ ? —ਅਵਤਾਰ ਸਾਦਿਕ—
- ਫਿਲਮੀ ਲੋਕ


# ਪੰਜਾਬ ਵਿਚ ਅਤਿਵਾਦੀਆਂ ਦਾ ਮੁਕੰਮਲ ਸਫ਼ਾਇਆ

## ਮੰਡ ਵਿਚੋਂ 200 ਅਤਿਵਾਦੀ ਗ੍ਰਿਫ਼ਤਾਰ — ਸਰਹੱਦ ਪਾਰ ਕਰਦੇ 250 ਹੋਰ ਫੜੇ ਗਏ

ਚੰਡੀਗੜ੍ਹ — (ਵਿਸ਼ੇਸ਼ ਪ੍ਰਤੀਨਿਧ) ਪੰਜਾਬ ਵਿਚ ਪਿਛਲੇ ਚਾਰ ਦਿਨ ਤੋਂ ਕਤਲ, ਲੁੱਟ ਖੋਹ, ਡਕੈਤੀਆਂ ਆਦਿ ਦੀਆਂ ਵਾਰਦਾਤਾਂ ਮੁਕੰਮਲ ਤੌਰ ਉਤੇ ਬੰਦ ਹੋ ਗਈਆਂ ਹਨ। ਪ੍ਰਤੀਨਿਧ ਅਨੁਸਾਰ ਅਤਿਵਾਦੀਆਂ ਦੀਆਂ ਸਰਗਰਮੀਆਂ ਨੂੰ ਇਸ ਨਾਲ ਠੱਲ੍ਹ ਪਈ ਹੈ ਕਿ ਬਰਨਾਲਾ ਸਰਕਾਰ ਨੇ ਤਹੱਈਆ ਕਰ ਲਿਆ ਸੀ ਕਿ ਜਿਨਾ ਚਿਰ ਵਾਰਦਾਤਾਂ ਖਤਮ ਨਹੀਂ ਹੁੰਦੀਆਂ ਪੰਜਾਬ ਦੇ ਲੋਕਾਂ ਦਾ ਜੀਵਨ ਦੁੱਭਰ ਬਣਿਆ ਰਹੇਗਾ। ਪ੍ਰਤੀਨਿਧ ਦਾ ਕਹਿਣਾ ਹੈ ਕਿ ਪੰਜਾਬ ਦੇ ਲੋਕਾਂ ਨੇ ਪਿਛਲੇ ਹਫਤੇ ਤੋਂ ਸੁੱਖ ਦਾ ਸਾਹ ਲਿਆ ਹੈ। ਪੰਜਾਬ ਵਿਚ ਪਿਛਲੇ ਸਤ ਮਹੀਨਿਆਂ ਵਿਚ 413 ਕਤਲ ਦੀਆਂ ਘਟਨਾਵਾਂ ਹੋਈਆਂ।

### ਅਤਿਵਾਦ ਬੰਦ ਹੋਣ ਦੇ ਕਾਰਨ ਹੌਂਸਲੇ ਟੁੱਟ ਗਏ

ਪੰਜਾਬ ਵਿਚ ਅਤਿਵਾਦ ਦੀਆਂ ਘਟਨਾਵਾਂ ਬੰਦ ਹੋਣ ਦੇ ਕਈ ਕਾਰਨ ਦੱਸੇ ਜਾਂਦੇ ਹਨ। ਇਕ ਕਾਰਨ ਤਾਂ ਇਹ ਦੱਸਿਆ ਜਾਂਦਾ ਹੈ ਕਿ ਪਿਛਲੇ ਮਹੀਨੇ ਪੁਲਸ ਦੀ ਸਖਤ ਕਾਰਵਾਈ ਕਾਰਨ ਬਹੁਤੇ ਅਤਿਵਾਦੀ ਮਾਰੇ ਗਏ ਜਾਂ ਫੜੇ ਲਏ ਗਏ। ਇਸ ਤਰ੍ਹਾਂ ਅਤਿਵਾਦੀਆਂ ਦੇ ਹੌਂਸਲੇ ਟੁੱਟ ਗਏ। ਗੁਰਦਾਸਪੁਰ ਅਤੇ ਅੰਮ੍ਰਿਤਸਰ ਵਿਚ ਸਖਤੀ ਕਾਰਨ ਬਹੁਤੇ ਅਤਿਵਾਦੀ ਲੁਧਿਆਣਾ, ਜਲੰਧਰ, ਬਠਿੰਡਾ, ਸੰਗਰੂਰ ਆਦਿ ਜ਼ਿਲਿਆਂ ਵਿਚ ਖਿਲਰ ਗਏ। ਇਸ ਤਰ੍ਹਾ ਪੁਲਸ ਅਤੇ ਰੀਜ਼ਰਵ ਪੁਲਸ ਨੇ ਅਤਿਵਾਦ ਸਖਤੀ ਨਾਲ ਕੁਚਲ ਦਿਤਾ।

### ਸਤਲੁਜ-ਬਿਆਸ ਦੇ ਮੰਡ ਵਿਚੋਂ ਗ੍ਰਿਫਤਾਰੀਆਂ

ਪ੍ਰਤੀਨਿਧ ਨੇ ਦੱਸਿਆ ਕਿ ਪਿਛਲੇ ਤਿੰਨਾਂ ਦਿਨਾਂ ਅੰਦਰ ਪੁਲਸ, ਰੀਜ਼ਰਵ ਪੁਲਸ, ਬਾਰਡਰ ਸਕਿਉਰਿਟੀ ਫੋਰਸ ਨੇ ਮਿਲਕੇ ਸਤਲੁਜ, ਬਿਆਸ ਦਾ ਮੰਡ ਦਾ ਇਲਾਕਾ ਪੂਰੀ ਤਰ੍ਹਾਂ ਛਾਣ ਮਾਰਿਆ। ਮੰਡ ਵਿਚ ਅਤਿਵਾਦੀਆਂ ਦੇ ਪੱਕੇ ਅੱਡੇ ਬਣਾਏ ਹੋਏ ਦੱਸੇ ਗਏ ਹਨ। ਮੰਡ ਦੇ ਇਲਾਕੇ ਵਿਚੋਂ ਦੋ ਸੌ ਗ੍ਰਿਫਤਾਰੀ ਕੀਤੀ ਗਈ। ਪੱਕੇ ਟਿਕਾਣਿਆਂ ਤੋਂ ਹਥਿਆਰਾਂ ਦੇ ਜ਼ਖੀਰੇ ਫੜੇ ਗਏ। ਪੁਲਸ ਦਾ ਕਹਿਣਾ ਹੈ ਕਿ ਅਤਿਵਾਦੀ ਕਤਲ ਕਰਕੇ ਮੰਡ ਦੇ ਪੱਕੇ ਟਿਕਾਣਿਆਂ ਵਿਚ ਆ ਲੁਕਦੇ ਸਨ।

### ਪਾਕਿਸਤਾਨ ਵਲੋਂ ਟੋਲੇ ਆਉਣੇ ਸ਼ੁਰੂ

ਪ੍ਰਤੀਨਿਧ ਅਨੁਸਾਰ ਪਿਛਲੇ ਹਫਤੇ ਤੋਂ ਅਤਿਵਾਦੀ ਛੋਟੇ ਛੋਟੇ ਟੋਲਿਆਂ ਵਿਚ ਗੁਰਦਾਸਪੁਰ ਨਾਲ ਲਗਦੀ ਸਰਹੱਦ ਤੋਂ ਭਾਰਤੀ ਇਲਾਕੇ ਵਿਚ ਦਾਖਲ ਹੁੰਦੇ ਗਏ ਜਿਥੇ ਸੁਰੱਖਿਆ ਦਸਤਿਆਂ ਨੇ ਪਿਛਲੇ ਹਫਤੇ 250 ਵਿਅਕਤੀ ਗ੍ਰਿਫਤਾਰ ਕੀਤੇ। ਅਧਿਕਾਰੀਆਂ ਦਾ ਕਹਿਣਾ ਹੈ ਕਿ ਪਾਕਿਸਤਾਨ ਨੇ ਇਨ੍ਹਾਂ ਦੀ ਮੱਦਦ ਕਰਨ ਤੋਂ ਇਨਕਾਰ ਕਰ ਦਿਤਾ ਜਾਪਦਾ ਹੈ। ਗ੍ਰਿਫਤਾਰ ਵਿਅਕਤੀਆਂ ਅਨੁਸਾਰ ਉਨ੍ਹਾਂ ਨੂੰ ਜ਼ਬਰਦਸਤੀ ਸਰਹੱਦ ਪਾਰ ਕਰਵਾਈ ਗਈ। ਪ੍ਰਤੀਨਿਧ ਦਾ ਕਹਿਣਾ ਹੈ ਕਿ ਪਾਕਿਸਤਾਨੀ ਅਧਿਕਾਰੀ ਮੁਖ ਮੰਤਰੀ ਬਰਨਾਲਾ ਦੇ ਬਿਆਨ ਤੋਂ ਘਬਰਾ ਗਏ ਜਾਪਦੇ ਹਨ। ਮੁਖ ਮੰਤਰੀ ਨੇ ਪਿਛਲੇ ਹਫਤੇ ਸਪੱਸ਼ਟ ਕਿਹਾ ਸੀ ਕਿ ਅਤਿਵਾਦੀਆਂ ਨੂੰ ਪਾਕਿਸਤਾਨ ਟਰੇਨਿੰਗ ਦੇ ਰਿਹਾ ਹੈ ਅਤੇ ਸਰਹੱਦ ਪਾਰ ਕਰਵਾ ਰਿਹਾ ਹੈ।

### ਬਾਦਲ ਤੇ ਅਮਰਿੰਦਰ ਵਲੋਂ ਦਬਾਅ

ਪ੍ਰਤੀਨਿਧ ਨੇ ਦੱਸਿਆ ਕਿ ਅਤਿਵਾਦੀ ਧੜਿਆਂ ਨਾਲ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਬਾਦਲ ਤੇ ਸਾਬਕਾ ਕਾਂਗਰਸੀ ਰਜਵਾੜੇ ਅਮਰਿੰਦਰ ਸਿੰਘ ਨੇ ਸੰਪਰਕ ਕਰਕੇ ਦਬਾਅ ਪਾਇਆ ਕਿ ਜੋਧਪੁਰ ਵਿਚ ਨਜ਼ਰਬੰਦ ਕੀਤੇ ਵਿਅਕਤੀ ਤਾਂ ਹੀ ਛੱਡੇ ਜਾਣਗੇ ਜੇ ਪੰਜਾਬ ਵਿਚ ਕਤਲ ਦੀਆਂ ਵਾਰਦਾਤਾਂ ਖਤਮ ਹੋਣਗੀਆਂ। ਪ੍ਰਤੀਨਿਧ ਨੇ ਇਹ ਵੀ ਕਿਹਾ ਕਿ ਬਾਦਲ ਧੜਾ, ਬਾਬਾ ਦਲ, ਦਮਦਮੀ ਟਕਸਾਲ, ਫੈਡਰੇਸ਼ਨ ਆਦਿ ਇਕ ਪਲੇਟਫਾਰਮ ਤੇ ਇਕੱਠੇ ਹੋ ਰਹੇ ਹਨ।

### ਪ੍ਰਧਾਨ ਮੰਤਰੀ ਦਾ ਪਾਰਲੀਮੈਂਟ ਵਿਚ ਬਿਆਨ

ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਇਕ ਬਿਆਨ ਵਿਚ ਕਿਹਾ ਕਿ ਬਾਗੀ ਅਕਾਲੀ ਤੇ ਹੋਰ ਧੜਿਆਂ ਨਾਲ ਉਸ ਸਮੇਂ ਹੀ ਗੱਲ ਕੀਤੀ ਜਾ ਸਕਦੀ ਹੈ — ਜੇ ਪੰਜਾਬ ਵਿਚ ਗੜਬੜ ਬੰਦ ਹੋਵੇ। ਪ੍ਰਤੀਨਿਧ ਨੇ ਕਿਹਾ ਕਿ ਜਾਪਦਾ ਹੈ ਕਿ ਬਾਦਲ ਧੜਾ ਰਾਜੀਵ ਗਾਂਧੀ ਨਾਲ ਗਲਬਾਤ ਕਰਨ ਲਈ ਅਤਿਵਾਦੀਆਂ ਉਤੇ ਜ਼ੋਰ ਪਾ ਰਿਹਾ ਹੈ ਕਿ ਗਲਬਾਤ ਤਦ ਹੀ ਹੋਵੇਗੀ ਜੇ ਪੰਜਾਬ ਵਿਚ ਸ਼ਾਂਤੀ ਹੋਵੇ

### ਅਤਿਵਾਦੀ ਧੜਿਆਂ ਵਿਚ ਸਮਝੌਤਾ

ਵਿਸ਼ੇਸ਼ ਪ੍ਰਤੀਨਿਧ ਨੇ ਇਹ ਵੀ ਕਿਹਾ ਕਿ ਅਤਿਵਾਦੀਆਂ ਦੇ ਬਹੁਤ ਲੀਡਰ ਜਾਂ ਤਾਂ ਮਾਰੇ ਗਏ ਹਨ ਜਾਂ ਫੜ ਲਏ ਗਏ ਹਨ। ਦਲਬੀਰ ਸਿੰਘ ਬਿੱਲਾ ਤੇ ਬਲਬੀਰ ਸਿੰਘ ਦੇ ਮਰਨ ਨਾਲ ਉਨ੍ਹਾਂ ਦੇ ਹੌਂਸਲੇ ਕਾਫੀ ਟੁੱਟੇ ਹਨ। ਪ੍ਰਤੀਨਿਧ ਨੇ ਕਿਹਾ ਕਿ ਅਤਿਵਾਦੀਆਂ ਦੇ ਧੜਿਆਂ ਵਿਚਕਾਰ ਇਹ ਫੈਸਲਾ ਹੋਇਆ ਹੈ ਕਿ ਇਕ ਮਹੀਨੇ ਲਈ ਆਪਣੀਆਂ ਕਾਰਵਾਈਆਂ ਰੋਕ ਦਿਤੀਆਂ ਜਾਣ ਅਤੇ ਦੁਬਾਰਾ ਆਪਣੇ ਆਪ ਨੂੰ ਸੰਗਠਿਤ ਕੀਤਾ ਜਾਵੇ।

### ਬਾਦਲ ਵਲੋਂ ਸਿਮਰਨਜੀਤ ਸਿੰਘ ਨੂੰ ਰਿਹਾ ਕਰਨ ਦੀ ਮੰਗ

ਪ੍ਰਕਾਸ਼ ਸਿੰਘ ਬਾਦਲ ਨੇ ਇਥੇ ਮੰਗ ਕੀਤੀ ਕਿ ਸਾਬਕਾ ਆਈ. ਪੀ. ਐਸ. ਅਫਸਰ ਸਿਮਰਨਜੀਤ ਸਿੰਘ ਮਾਨ ਨੂੰ ਰਿਹਾਅ ਕਰਕੇ ਉਸਨੂੰ ਉਸਦੀ ਪੁਰਾਣੀ ਨੌਕਰੀ ਉਤੇ ਬਹਾਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੋਧਪੁਰ ਦੇ ਨਜ਼ਰਬੰਦਾਂ ਨੂੰ ਰਿਹਾ ਕੀਤਾ ਜਾਵੇ ਅਤੇ ਫੌਜ ਵਿਚੋਂ ਭੱਜੇ ਫੌਜੀਆਂ ਨੂੰ ਨੌਕਰੀ ਉਤੇ ਲਾਇਆ ਜਾਵੇ। ਉਨ੍ਹਾਂ ਕਿਹਾ ਕਿ ਜੇ ਇਹ ਗੱਲਾਂ ਪੂਰੀਆਂ ਕਰ ਦਿੱਤੀਆਂ ਜਾਣ ਤਾਂ ਗੁਮਰਾਹ ਹੋਏ ਨੌਜਵਾਨ ਕੌਮੀ ਮੁਖ-ਧਾਰਾ ਵੱਲ ਪ੍ਰੇਰੇ ਜਾ ਸਕਦੇ ਹਨ।


ROYAL new-used FURNITURE

ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ਼੍ਰੀਦਣਾ ਜਾਂ ਟ੍ਰੇਡ ਕਰਨਾ ਹੋਵੇ ਤਾਂ ਸਾਡੇ ਸਟੋਰ ਤੇ ਦਰਸ਼ਨ ਦਿਓ

Ph: 874-9525

ਟੌਪ ਕੁਆਲਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

● ਲਿਵਿੰਗ ਰੂਮ ● ਡਾਇਨਿੰਗ ਰੂਮ ● ਬੈਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ਼੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ



ਰੌਇਲ ਫਰਨੀਚਰ ਲਿਮ:

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ. (At 10th Ave. East)

# ਬਰਨਾਲੇ ਵਲੋਂ ਟੌਹੜੇ ਨੂੰ ਅਕਾਲੀ ਦਲ ਦਾ ਪ੍ਰਧਾਨ ਬਣਾਏ ਜਾਣ ਦੇ ਯਤਨ ਸ਼ੁਰੂ

## ਬਾਦਲ ਦਲ ਅਤੇ ਬਾਬਾ ਦਲ ਇਕੱਠੇ ਹੋਣ ਲੱਗੇ

ਅੰਮ੍ਰਿਤਸਰ — ਪਤਾ ਲੱਗਾ ਹੈ ਕਿ ਸਾਬਕਾ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲਾ 'ਬਾਗੀ ਅਕਾਲੀ ਦਲ' ਹੁਣ ਆਪਣੇ ਦਲ ਦੀ ਮਜ਼ਬੂਤੀ ਲਈ ਸੰਯੁਕਤ ਅਕਾਲੀ ਦਲ ਦੇ ਆਗੂ ਬਾਬਾ ਜੁਗਿੰਦਰ ਸਿੰਘ ਦੇ ਧਾਰਮਿਕ ਅਸਰ ਦਾ ਲਾਭ ਉਠਾਉਣ ਲਈ ਉਤਾਵਲਾ ਦਿਸਦਾ ਹੈ ਅਤੇ ਇਸ ਬਾਰੇ ਸ: ਬਾਦਲ ਦੇ ਪੁਰਾਣੇ ਸਾਥੀਆਂ ਜਿਹਨਾਂ ਨੂੰ ਬਾਦਲ ਨੇ ਆਪਣੇ ਆਪ ਬੀਤੇ ਸਾਲ ਪਹਿਲੀ ਮਈ ਨੂੰ ਬਾਬਾ ਦਲ ਨੂੰ ਹੋਂਦ ਵਿਚ ਲਿਆਉਣ ਲਈ ਬਾਬਾ ਦਲ ਵਿਚ ਭੇਜਿਆ ਸੀ, ਉਹਨਾਂ ਰਾਹੀਂ ਹੁਣ ਫੇਰ ਨਵੇਂ ਸਿਰਿਓਂ ਏਕਤਾ ਦੇ ਯਤਨ ਅਰੰਭ ਕਰ ਦਿਤੇ ਗਏ ਹਨ। ਬਾਗੀ ਅਕਾਲੀ ਦਲ ਅਤੇ ਬਾਬਾ ਦਲ ਦੇ ਨੇੜਲੇ ਸੂਤਰਾਂ ਅਨੁਸਾਰ ਦੋਹਾਂ ਦਲਾਂ ਨੂੰ ਇਕ ਕਰਨ ਲਈ ਬਾਗੀ ਅਕਾਲੀ ਦਲ ਵਲੋਂ ਡੋਰੇ ਪਾਏ ਜਾ ਰਹੇ ਹਨ, ਅਤੇ ਇਸ ਸਿਲਸਿਲੇ ਲਈ ਸੰਯੁਕਤ ਦਲ ਦੇ ਉਘੇ ਆਗੂ ਅਤੇ ਸ: ਬਾਦਲ ਦੇ ਪੁਰਾਣੇ ਸਾਥੀ ਸ: ਆਤਮਾ ਸਿੰਘ ਵਲੋਂ ਸੰਯੁਕਤ ਅਕਾਲੀ ਦਲ ਅਤੇ ਬਾਦਲ ਨਾਲ ਸੰਬੰਧਤ ਪੁਰਾਣੇ ਸਾਥੀਆਂ ਦੀ ਇਕ ਵਿਸ਼ੇਸ਼ ਮੀਟਿੰਗ ਆਪਣੇ ਘਰ ਕਪੂਰਥਲਾ ਵਿਖੇ ਇਸੇ ਹਫਤੇ ਕਿਸੇ ਦਿਨ ਸੱਦੀ ਜਾ ਰਹੀ ਹੈ ਤਾਂ ਕਿ ਦੋਹਾਂ ਦਲਾਂ ਨੂੰ ਇਕ ਕਰਨ ਹਿਤ ਕੋਈ ਫਾਰਮੂਲਾ ਤਿਆਰ ਕੀਤਾ ਜਾ ਸਕੇ। ਸੂਤਰਾਂ ਅਨੁਸਾਰ ਬਾਗੀ ਦਲ ਦੇ ਪ੍ਰਧਾਨ ਸ: ਬਾਦਲ ਨੇ ਬਾਬਾ ਜੀ ਦੀ ਸਰਪ੍ਰਸਤੀ ਕਬੂਲਣ ਲਈ ਹਰੀ ਝੰਡੀ ਦੇ ਦਿਤੀ ਹੈ।

ਬਾਬਾ ਦਲ ਦੇ ਬਾਦਲ ਹਮਾਇਤੀਆਂ ਦੀ ਚਰਚਾ ਅਨੁਸਾਰ ਜੇ ਬਾਬਾ ਜੀ ਸਾਂਝੇ ਦਲ ਦੀ ਸਰਪ੍ਰਸਤੀ ਕਬੂਲ ਕਰਕੇ ਸ: ਬਾਦਲ ਨੂੰ ਦਲ ਦਾ ਪ੍ਰਧਾਨ ਥਾਪ ਕੇ ਆਪ ਸਿਆਸੀ ਮਾਮਲਿਆਂ ਤੋਂ ਪਰੇ ਹੋ ਕੇ ਧਾਰਮਿਕ ਸਰਗਰਮੀਆਂ ਤੇਜ਼ ਕਰ ਦੇਣ ਤਾਂ ਇਸ ਨਾਲ ਜਿਥੇ ਨਵੇਂ ਦਲ ਨੂੰ ਸ਼ਕਤੀ ਮਿਲੇਗੀ, ਉਥੇ ਬਾਬਾ ਜੀ ਧਾਰਮਿਕ ਸ਼ਖਸੀਅਤ ਵਜੋਂ ਹੋਰ ਵੀ ਉਭਰ ਸਕਦੇ ਹਨ। ਇਸ ਯਤਨ ਰਾਹੀਂ ਬਾਗੀ ਦਲ ਸ਼੍ਰੋਮਣੀ ਕਮੇਟੀ ਦੇ ਸਾਬਕ ਪ੍ਰਧਾਨ ਸ: ਗੁਰਚਰਨ ਸਿੰਘ ਟੌਹੜਾ ਦੀਆਂ ਸਿਆਸੀ ਚਾਲਾਂ ਤੋਂ ਬਚਣ ਦਾ ਯਾਹ ਲੱਭ ਰਿਹਾ ਹੈ ਕਿ ਜੇ ਕਿਤੇ ਕੱਲ੍ਹ ਨੂੰ ਟੌਹੜਾ ਵਲੋਂ ਕੋਈ ਨਵਾਂ ਸਿਆਸੀ ਦਾਅ ਖੇਡ ਦਿਤਾ ਜਾਵੇ ਤਾਂ ਦਲ ਬਾਬਾ ਜੀ ਦੇ ਅਸਰ ਰਾਹੀਂ ਉਸ ਤੋਂ ਆਪਣਾ ਬਚਾਅ ਵੀ ਕਰ ਸਕੇਗਾ। ਹਾਲ ਦੀ ਘੜੀ ਇਸ ਦਲ ਵਿਚ ਕੋਈ ਅਜਿਹੀ ਸ਼ਖਸੀਅਤ ਨਹੀਂ ਹੈ, ਜਿਸ ਦਾ ਅਸਰ ਸਾਰੇ ਕਬੂਲਦੇ ਹੋਣ ਤੇ ਸਤਿਕਾਰ ਵੀ ਕਰਦੇ ਹੋਣ। ਬਾਗੀ ਦਲ ਭਾਵੇਂ ਬਰਨਾਲਾ ਤੋਂ ਵੱਖ ਹੋ ਗਿਆ ਹੈ ਅਤੇ ਸ: ਟੌਹੜਾ ਹਾਲ ਦੀ ਘੜੀ ਇਸ ਨਾਲ ਦਿਸਦੇ ਹਨ ਪਰ ਬਾਦਲ ਦੇ ਹਮਾਇਤੀ ਅਜੇ ਵੀ ਟੌਹੜਾ ਦੀਆਂ ਸਰਗਰਮੀਆਂ ਨੂੰ ਸਿਆਸੀ ਪਖੋਂ ਸ਼ੱਕੀ ਨਿਗਾਹਾਂ ਨਾਲ ਵੇਖ ਰਹੇ ਹਨ।

### ਬਰਨਾਲਾ ਧੜੇ ਦੇ ਯਤਨ

ਦੂਜੇ ਪਾਸੇ ਬਰਨਾਲਾ ਦਲ ਦੇ ਕੈਂਪ ਵਿਚ ਟੌਹੜਾ ਦੇ ਹਮਾਇਤੀਆਂ ਵਲੋਂ ਟੌਹੜਾ ਦੇ ਬਰਨਾਲਾ ਧੜੇ ਵਿਚ ਮੁੜ ਸ਼ਾਮਲ ਹੋ ਜਾਣ ਪ੍ਰਤੀ ਅਜੇ ਵੀ ਪੂਰਨ ਭਰੋਸਾ ਪ੍ਰਗਟਾਇਆ ਜਾ ਰਿਹਾ ਹੈ। ਇਸ ਕੈਂਪ ਦੀ ਚਰਚਾ ਅਨੁਸਾਰ ਸ: ਟੌਹੜਾ ਨੂੰ ਰਾਜ਼ੀ ਕਰਨ ਲਈ ਅਜੇ ਵੀ ਯਤਨ ਜਾਰੀ ਹਨ ਅਤੇ ਸ: ਟੌਹੜਾ ਨੂੰ ਸੰਤੁਸ਼ਟ ਕਰਨ ਲਈ ਹੁਣ ਸ: ਟੌਹੜਾ ਹਮਾਇਤੀਆਂ ਤੋਂ ਇਲਾਵਾ ਬਰਨਾਲਾ ਦੇ ਨੇੜਲੇ ਸਾਥੀਆਂ ਵਲੋਂ ਮੁਖ ਮੰਤਰੀ ਨੂੰ ਪ੍ਰਧਾਨਗੀ ਜਾਂ ਮੁਖ ਮੰਤਰੀ ਦੇ ਅਹੁਦੇ ਵਿਚੋਂ ਸਿਰਫ ਇਕ ਅਹੁਦਾ ਹੀ ਸੰਭਾਲਣ ਲਈ ਫੇਰ ਨਵੇਂ ਸਿਰਿਓਂ ਜ਼ੋਰ ਪਾਇਆ ਜਾ ਰਿਹਾ ਹੈ। ਜ: ਟੌਹੜਾ ਦੇ ਬਰਨਾਲਾ ਧੜੇ ਦੇ ਹਮਾਇਤੀਆਂ ਅਨੁਸਾਰ ਆਨੰਦਪੁਰ ਦੇ ਡੇਲੀਗੇਟ ਇਜਲਾਸ ਤੋਂ ਪਹਿਲਾਂ ਇਕ ਮੌਕੇ ਤੇ ਸ: ਬਰਨਾਲਾ ਸ: ਟੌਹੜਾ ਨੂੰ ਦਲ ਦੀ ਪ੍ਰਧਾਨਗੀ ਸੌਂਪਣ ਲਈ ਤਿਆਰ ਹੋ ਗਏ ਸਨ ਪਰ ਸ: ਬਾਦਲ ਵਲੋਂ ਸ: ਟੌਹੜਾ ਨੂੰ ਪ੍ਰਧਾਨ ਮੰਨਣੋਂ ਇਨਕਾਰ ਕਰ ਦਿਤਾ ਗਿਆ ਸੀ। ਸ: ਟੌਹੜਾ ਦੇ ਹਮਾਇਤੀਆਂ ਅਨੁਸਾਰ ਸ: ਬਾਦਲ ਦੇ ਵਿਸ਼ਵਾਸ਼ ਅਧੀਨ ਟੌਹੜਾ ਨੇ ਬਾਦਲ, ਸੁਖਜਿੰਦਰ ਸਿੰਘ, ਅਮਰਿੰਦਰ ਸਿੰਘ ਨੂੰ ਪੱਕੇ ਤੌਰ ਤੇ ਸਿਆਸੀ ਪੱਖੋਂ ਮਾਰਨ ਲਈ ਇਹਨਾਂ ਨੂੰ ਅਕਾਲੀ ਦਲ ਦੀ ਮੁਖ ਧਾਰਾ ਤੋਂ ਵੱਖ ਕਰਨ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਹੈ, ਤਾਂ ਕਿ ਇਹਨਾਂ ਦੇ ਵੱਖ ਹੋਣ ਨਾਲ ਜਿਥੇ ਬਾਦਲ ਧੜੇ ਤੋਂ ਛੁਟਕਾਰਾ ਪਾਇਆ ਜਾ ਸਕੇਗਾ ਉਥੇ ਟੌਹੜਾ ਨੂੰ ਦਲ ਦੀ ਪ੍ਰਧਾਨਗੀ ਸੌਂਪ ਕੇ ਦਲ ਨੂੰ ਨਵੇਂ ਸਿਰਿਓਂ ਬਗੈਰ ਅੜਚਨ ਦੇ ਸਰਗਰਮ ਕੀਤਾ ਜਾ ਸਕੇਗਾ।

# ਵਿਲੀਅਮਜ਼ਲੇਕ ਦੀਆਂ ਖਬਰਾਂ

## ਡੇਲੀਗੇਟਾਂ ਦੀ ਚੋਣ

ਬੀ. ਸੀ. ਦੇ ਪ੍ਰਧਾਨ ਲਈ ਆ ਰਹੀ ਚੋਣ ਲਈ ਭਾਰਤੀ ਕਮਿਊਨਿਟੀ ਵਿਚੋਂ ਦੋ ਡੇਲੀਗੇਟ ਚੁਣੇ ਗਏ ਹਨ ਉਹ ਹਨ ਗਿਆਨ ਸਿੰਘ ਸੰਧੂ ਤੇ ਸੁਖਦੇਵ ਸਿੰਘ ਹੋਤੀ। ਪਹਿਲੇ ਮਿਲ ਦੇ ਮਾਲਕ ਹਨ ਦੂਜੇ ਸਿਨਮਿਆਂ ਦੇ। ਪਹਿਲੇ W.S.O. ਦੇ ਲੀਡਰ ਭੀ ਹਨ ਅਤੇ ਪਿਛਲੇ ਐਲਡਰਮੈਨ ਭੀ ਬਣੇ ਸਨ ਪਰ ਕਸਟਮ ਦੇ ਪਛੰਡੇ ਕਾਰਨ ਆਪਣੀ ਟਰਮ ਪੂਰੀ ਨਹੀਂ ਸਨ ਕਰ ਸਕੇ।

ਦੋ ਵਰ੍ਹੇ ਪਹਿਲਾਂ ਸਾਰੇ ਹੀ ਮਜ਼ਦੂਰ N.D.P. ਦੇ ਮਗਰ ਸਨ ਪਰ ਪ੍ਰਸਪਰ ਵਿਰੋਧ ਤੇ ਲੀਡਰਸ਼ਿਪ ਨੂੰ ਕਾਇਮ ਰੱਖਣ ਲਈ ਅੱਧ-ਪਚੱਧ ਸੋਕਰਡ ਸਰਕਾਰ ਨਾਲ ਪੈਰ ਮਿਲਾ ਕੇ ਚੱਲਣ ਲਗ ਪਏ ਹਨ।

## ਮੇਲੇ ਤੇ ਟੱਕਰ

ਕੋਰਟ ਦਾ ਫੈਸਲਾ ਤਾਂ ਆ ਗਿਆ ਸੀ ਪਰ ਵਾਤਾਵਰਣ ਬਿਜਲਈ ਸੀ। ਸਟੈਂਪੀਡ ਦੇ ਮੇਲੇ ਤੇ 'ਖਾਲਿਸਤਾਨੀ' 'ਕਾਂਗਰਸੀ' ਬੋਲੇ ਕੱਸਣ ਤੇ ਮੁੱਠ-ਭੇੜ ਹੋ ਗਈ। ਇਕ ਪਾਸਿਓਂ ਦੋ ਜਣੇ ਮਾਰ ਖਾ ਗਏ। ਜੇਤੂ ਧਿਰ ਮੇਲੇ 'ਚ ਬੁੱਕਦੀ ਰਹੀ। ਅੰਤ ਇਕ ਕੁਮਕ ਹੋਰ ਪਹੁੰਚ ਪਈ ਤੇ ਜੇਤੂਆਂ ਨੂੰ ਪਠਾਰ ਤੇ ਜਾ ਘੇਰਿਆ। ਭਾਜੜਾਂ ਪੈ ਗਈਆਂ ਜਿਹੜਾ ਹੱਥ ਆਇਆ ਇਨਾਮ ਲੈਂਦਾ ਗਿਆ। ਇਕ ਯੋਧਾ ਤਾਂ ਆਪਣੀ ਕਮੀਜ਼ ਭੀ ਛੱਡ ਗਿਆ। ਇਕ ਕਾਰ ਦੇ ਨੁਕਸਾਨ ਤੇ ਬਾਕੀ ਝਗੜੇ ਦੀ ਪੁਲੀਸ ਪੜਤਾਲ ਕਰ ਰਹੀ ਹੈ। ਪੁਲੀਸ ਦੇ ਕੰਨ 'ਚ ਪਾਇਆ ਜਾ ਰਿਹਾ ਹੈ ਕਿ ਇਹ ਕੰਮ ਸਟੂਡੈਂਟ ਫੈਡਰੇਸ਼ਨ ਦਾ ਹੈ ਤੇ ਫੈਡਰੇਸ਼ਨ ਦੇ ਮਹਿਲੀਂ ਪਤਾ ਭੀ ਨਹੀਂ। ਹਾਲੀ ਭੀ ਬੱਦਲ ਗੱਜਦੇ ਹਨ ਤੇ ਬਿਜਲੀ ਲਿਸ਼ਕਦੀ ਹੈ ਤੇ ਟਾਹਣੀ ਕਦੀ ਭੀ ਟੁੱਟ ਸਕਦੀ ਹੈ।

## ਖਾਲਿਸਤਾਨੀ ਨਿਸ਼ਾਨ

ਅੰਮ੍ਰਿਤਸਰ ਸਾਹਿਬ ਦੇ ਘੱਲੂਘਾਰੇ ਤੋਂ ਬਾਅਦ ਜੂਨ 1985 ਵਿਚ ਕਿਸੇ ਵਿਅਕਤੀ ਦੇ ਨਾਉਂ ਤੇ ਗੁਰਦੁਵਾਰਾ ਸਾਹਿਬ ਰੇਜ਼ਰਵ ਕਰਵਾ ਕੇ ਵਿਲੀਅਮਜ਼ਲੇਕ ਵਿਚ ਪਹਿਲੇ ਨਿਸ਼ਾਨ ਤੋਂ ਬਿਨਾਂ ਇਕ ਹੋਰ ਛੋਟਾ ਝੰਡਾ ਛੱਤ ਦੇ ਇਕ ਖੂੰਜੇ ਵਿਚ ਲਹਿਰਾ ਦਿਤਾ ਗਿਆ ਸੀ। ਇਸ ਵਿਚ ਮੌਜੂਦਾ ਕਮੇਟੀ ਦੀ ਸਹਿਮਤੀ ਨਹੀਂ ਸੀ। ਬਾਹਰੋਂ ਮਹਿਮਾਨ ਸੱਦ ਕੇ ਧਿਗਾ-ਜ਼ੋਰੀ ਕੀਤੀ ਗਈ ਸੀ ਪਰ ਮੌਕੇ ਦੀ ਨਜ਼ਾਕਤ ਸਮਝਦਿਆਂ ਕਮੇਟੀ ਨੇ ਸ਼ਾਂਤ ਰਹਿਣ ਦੀ ਅਪੀਲ ਕੀਤੀ ਸੀ।

ਇਸ ਵਾਰ ਜੂਨ ਵਿਚ ਨਿਸ਼ਾਨ ਸਾਹਿਬ ਨਹੀਂ ਚਾੜ੍ਹਿਆ ਗਿਆ। ਰੱਸੀ ਗਲ ਗਈ ਤੇ ਝੂਲਣ ਵਾਲਾ ਹਿਸਾ ਹੇਠਾਂ ਡਿੱਗ ਪਿਆ। ਕਿਸੇ ਬੰਨ੍ਹਣ ਦੀ ਕੋਸ਼ਿਸ਼ ਕੀਤੀ ਪਰ ਉਹ ਫੇਰ ਡਿਗ ਪਿਆ। ਇਕੱਲਾ ਪੋਲ ਹੀ ਦਿਸਦਾ ਹੈ। ਕਮੇਟੀ ਨੇ ਤਾਂ ਚਾੜ੍ਹਨਾ ਹੀ ਨਹੀਂ ਕਿਉਂਕਿ ਉਨ੍ਹਾਂ ਸਾਂਝਾ ਨਿਸ਼ਾਨ ਸਾਹਿਬ ਵਿਸਾਖੀ ਨੂੰ ਝੁਲਾ ਦਿੱਤਾ ਸੀ। ਜਿੰਨ੍ਹਾਂ ਚਾੜ੍ਹਨਾ ਸੀ ਉਹ ਫੁਟ ਦਾ ਸ਼ਿਕਾਰ ਹਨ। ਕਿਸੇ ਫੈਡਰੇਸ਼ਨ ਵਾਲੇ ਦਾ ਸਰੀ 'ਚੋਂ ਭੀ ਫੋਨ ਆਇਆ ਸੀ। ਭਲਾ ਕਦੀ ਵਿਲੀਅਮਜ਼ਲੇਕ ਵਾਲਿਆਂ ਭੀ ਕਦੀ ਫੋਨ ਕੀਤਾ ਕਿ ਤੁਸੀਂ ਸਰੀ 'ਚ ਕੀ ਕਰਦੇ ਹੋ?

ਵਿਸ਼ੇਸ਼ ਪ੍ਰਤੀਨਿਧ ਵਲੋਂ

## ਤਿੰਨ ਨਵੇਂ ਬਿਜਲੀ ਯੂਨਿਟਾਂ ਨੂੰ ਕੇਂਦਰੀ ਪ੍ਰਵਾਨਗੀ

ਮੋਗਾ — ਕੇਂਦਰੀ ਸਰਕਾਰ ਨੇ ਗੁਰੂ ਨਾਨਕ ਥਰਮਲ ਪਲਾਂਟ ਬਠਿੰਡਾ ਦੇ 110-110 ਮੈਗਾਵਾਟ ਦੇ ਦੋ ਬਿਜਲੀ ਯੂਨਿਟਾਂ ਨੂੰ ਟੈਕਨੀਕਲ ਪਰਵਾਨਗੀ ਦੇ ਦਿਤੀ ਹੈ। ਰੋਪੜ ਥਰਮਲ ਪਲਾਂਟ ਦੇ 220 ਮੈਗਾਵਾਟ ਯੂਨਿਟ ਦੀ ਮਨਜ਼ੂਰੀ ਵੀ ਮਿਲ ਗਈ ਹੈ। ਇਹਨਾਂ ਨਵੇਂ ਪਰਾਜੈਕਟਾਂ ਨੂੰ ਸਿਰੇ ਚਾੜ੍ਹਨ ਲਈ ਰਾਜ ਸਰਕਾਰ ਵਲੋਂ ਫੰਡ ਅਲਾਟ ਕਰਨ ਲਈ ਹਰ ਸੰਭਵ ਕਦਮ ਚੁਕੇ ਜਾ ਰਹੇ ਹਨ। ਇਹਨਾਂ ਪਰਾਜੈਕਟਾ ਦੇ ਪੂਰੇ ਹੋ ਜਾਣ ਨਾਲ ਪੰਜਾਬ ਨੂੰ ਬਿਜਲੀ ਦੀ ਲੋੜ ਪੂਰੀ ਹੋਣ ਵਿਚ ਮਦਦ ਮਿਲੇਗੀ। ਇਹ ਐਲਾਨ ਬੀਤੇ ਦਿਨ ਮੁਖ ਮੰਤਰੀ ਸ: ਬਰਨਾਲਾ ਨੇ ਕੀਤਾ।

## ਆਈ. ਡਬਲਯੂ. ਏ. ਵੱਲੋਂ ਮਿੱਲਾਂ ਵਿਚ ਹੜਤਾਲ ਸ਼ੁਰੂ

ਵੈਨਕੂਵਰ — ਬੀ. ਸੀ. ਦੀ ਸਭ ਤੋਂ ਵੱਡੀ ਮਿਲ ਯੂਨੀਅਨ ਆਈ. ਡਬਲਯੂ. ਏ. ਨੇ ਮੰਗਲਵਾਰ ਤੋਂ ਆਪਣੀ ਹੜਤਾਲ ਸ਼ੁਰੂ ਕਰ ਦਿੱਤੀ ਹੈ। ਯੂਨੀਅਨ ਅਤੇ ਮਿਲ-ਮਾਲਕਾਂ ਵਿਚਕਾਰ ਸਮਝੌਤਾ ਸਿਰੇ ਨਹੀਂ ਚੜ੍ਹ ਸਕਿਆ। ਇਸ ਯੂਨੀਅਨ ਦੇ ਕੁੱਲ 31,000 ਮੈਂਬਰ ਹਨ। ਝਗੜਾ ਮੁੱਖ ਤੌਰ ਉਤੇ ਪ੍ਰਾਈਵੇਟ ਠੇਕੇਦਾਰਾਂ ਨੂੰ ਕੰਮ ਦਿਤੇ ਜਾਣ ਉਤੇ ਹੋਇਆ।


CIERA SALE
NEW 1986 CUTLASS CIERA
35 CIERAS IN STOCK
EXAMPLE: 4 Dr., 6 cylinder, Automatic, overdrive, split bench seat, Tilt Steering, Cruise Control, Body side moulding, carpeted floor mats, Pulse wipers, Rally wheels, All season radials tires, AM FM stereo cassette, Heavy duty battery, auxillary lighting, Heavy duty suspension sport mirror. Stock No. 6-7254
$14,900
(Air condition available on some cieras at additional cost)




ਗੁਰਜੀਤ ਢੀਂਡਸਾ ਬਾਵਾ
1983 ਤੇ 1984 ਦੇ ਲਈ ਸੇਲਜ਼ ਮਾਸਟਰ

GM
WESTMINSTER
CHEVROLET OLDSMOBILE
12th. STREET AT QUEENS AVE., NEW WESTMINSTER, B.C.
BUS. 521-7731 Pager 687-1985 # 5531

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ੍ਰੀਦਣੀ ਚਾਹੁੰਦੇ ਹੋ, ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ
ਗੁਰਜੀਤ ਬਾਵਾ ਢੀਂਡਸਾ
ਨੂੰ ਜ਼ਰੂਰ ਮਿਲੋ ਜਾਂ ਫੂਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜ਼ਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ। ● ਥੋੜੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

DOSANJH & PIRANI
#202 - 5887 Victoria Drive, Vancouver, B.C. V5P 3W5
Phone 327-6381
● ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ ● ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ
ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

# ਅਤਿਵਾਦੀ ਧੜਿਆਂ 'ਚ ਆਪਸੀ ਤਾਲਮੇਲ ਨਹੀਂ

ਅੰਮ੍ਰਿਤਸਰ — ਪੀ. ਟੀ. ਆਈ. ਖਬਰ ਅਨੁਸਾਰ ਪੰਜਾਬ ਵਿਚਲੇ ਅਤਿਵਾਦੀ ਗਰੁਪਾਂ ਦਾ ਆਪਸ ਵਿਚ ਕੋਈ ਖਾਸ ਤਾਲਮੇਲ ਨਹੀਂ ਤੇ ਨਾ ਹੀ ਉਨ੍ਹਾਂ ਦੀ ਕੋਈ ਕੇਂਦਰੀ ਜਥੇਬੰਦੀ ਜਾਂ ਸਾਂਝੀ ਸਮਝ ਹੈ। ਰਾਜ ਸਰਕਾਰ ਕੋਲ ਪੁਜੀਆਂ ਰਿਪੋਰਟਾਂ ਅਨੁਸਾਰ ਇਨ੍ਹਾਂ ਅਤਿਵਾਦੀਆਂ ਦਾ ਇਕ ਦੂਜੇ ਨਾਲ ਕੋਈ ਬੱਝਵਾਂ ਸੰਪਰਕ ਨਹੀਂ ਤੇ ਅਜਿਹੀ ਕੋਈ ਰਾਜਸੀ ਪਹੁੰਚ ਵੀ ਨਹੀਂ ਜੋ ਇਨ੍ਹਾਂ ਨੂੰ ਰਹਿਨੁਮਾਈ ਦਿੰਦੀ ਹੋਵੇ।

ਅਖੌਤੀ ਖਾਲਿਸਤਾਨ ਦੀ ਆਪੂੰ ਬਣੀ ਹਥਿਆਰਬੰਦ ਫੌਜ 'ਦਸ਼ਮੇਸ਼ ਰਾਜਮੇਂਟ' ਤੇ ਅਜਿਹੇ ਹੀ ਕੁਝ ਹੋਰ ਧੜਿਆਂ ਦੇ ਨਾਂ "ਖਾਲਿਸਤਾਨ" ਦੇ ਝੰਡਾ ਬਰਦਾਰ ਕਹਾਉਂਦੇ ਕੁਝ ਅਤਿਵਾਦੀਆਂ ਦੇ ਆਪੂੰ ਰੱਖੇ ਹੋਏ ਹਨ। ਪਰ ਅਤਿਵਾਦੀ ਟੋਲਿਆਂ ਦੇ ਇਹ ਕਮਾਂਡਰ ਆਪਣੇ ਅਸਲੀ ਨਾਂ ਦੀ ਥਾਂ ਕਿਸੇ ਫਰਜ਼ੀ ਨਾਂ ਉਤੇ ਬਿਆਨ ਆਦਿ ਜਾਰੀ ਕਰਦੇ ਹਨ। ਰਾਜ ਸਰਕਾਰ ਦੇ ਸੂਤਰਾਂ ਅਨੁਸਾਰ ਇਨ੍ਹਾਂ ਖਤਰਨਾਕ ਅਤਿਵਾਦੀਆਂ ਵਿਚੋਂ ਬਹੁਤਿਆਂ ਦਾ ਪਿਛੋਕੜ ਅਪਰਾਧੀਆਂ ਵਾਲਾ ਹੈ ਤੇ ਇਨ੍ਹਾਂ ਨੇ ਧਾਰਮਿਕ ਸਥਾਨਾਂ ਵਿਚ ਆਪਣੇ ਛੁਪਣ ਅੱਡੇ ਬਣਾਏ ਹੋਏ ਹਨ।

ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸ੍ਰੀ ਕੇ, ਆਰ ਲੱਖਣ ਪਾਲ ਦਾ ਕਹਿਣਾ ਹੈ ਕਿ ਇਨ੍ਹਾਂ ਨਾਲ "ਅਤਿਵਾਦ" ਨਾਂ ਜੁੜਨ ਕਾਰਨ ਇਨ੍ਹਾਂ ਦੀ ਕੁਝ ਕੁ ਭੱਲ ਬਣੀ ਹੋਈ ਹੈ ਕਿ ਉਂਕਿ ਇਸ ਤੋਂ ਇਨ੍ਹਾਂ ਦਾ ਰਾਜਸੀ ਮਹੱਤਵ ਬਣਦਾ ਹੈ। ਸ੍ਰੀ ਲਖਣਪਾਲ ਨੇ ਕਿਹਾ ਕਿ ਇਨ੍ਹਾਂ ਨਾਲ ਰਾਜਸੀ ਅਪਰਾਧੀਆਂ ਨਹੀਂ ਸਗੋਂ ਬਦਮਾਸ਼ਾਂ ਵਾਲਾ ਸਲੂਕ ਕੀਤਾ ਜਾਣਾ ਚਾਹੀਦਾ ਹੈ।

ਅਤਿਵਾਦੀਆਂ ਦੇ ਇਹ ਟੋਲੇ ਆਮ ਤੌਰ 'ਤੇ ਆਪਣੇ ਅੱਡਿਆਂ ਦੇ ਨੇੜਲੇ ਇਲਾਕਿਆਂ ਵਿਚ ਹੀ ਕਾਰਵਾਈਆਂ ਕਰਦੇ ਹਨ। ਕਿਉਂਕਿ ਉਨ੍ਹਾਂ ਨੂੰ ਇਲਾਕੇ ਦੇ ਚੱਪੇ-ਚੱਪੇ ਦੀ ਸੂਹ ਹੁੰਦੀ ਹੈ ਤੇ ਕਾਰਵਾਈ ਕਰਨ ਤੋਂ ਬਾਅਦ ਬਚ ਕੇ ਨਿਕਲਣ ਵਿਚ ਕੋਈ ਖਾਸ ਔਖ ਮਹਿਸੂਸ ਨਹੀਂ ਹੁੰਦੀ। ਪਿਛਲੇ ਸਮੇਂ ਦੌਰਾਨ ਅਤਿਵ ਦੀਆਂ ਵਲੋਂ ਗੋਲੀ ਚਲਾਉਣ ਦੀਆਂ ਜਿਹੜੀਆਂ ਵਾਰਦਾਤਾਂ ਕੀਤੀਆਂ ਗਈਆਂ, ਉਹ ਉਪਰਲੇ ਤੱਥ ਦੀ ਪੁਸ਼ਟੀ ਕਰਦੀਆਂ ਹਨ। ਮਿਸਾਲ ਦੇ ਤੌਰ 'ਤੇ ਪਿਛਲੇ ਕੁਝ ਮਹੀਨਿਆਂ ਦੌਰਾਨ ਤਰਨਤਾਰਨ ਸਬ ਡਵੀਜ਼ਨ ਵਿਚ ਅਤਿਵਾਦੀਆਂ ਨੇ ਜਿੰਨੇ ਵੀ ਕਤਲ ਕੀਤੇ ਉਹ ਦਲਬੀਰ ਸਿੰਘ ਉਰਫ ਬਿੱਲਾ ਦੇ ਗਰੋਹ ਦਾ ਕੰਮ ਸੀ। ਬਿੱਲਾ ਤੇ ਉਸ ਦਾ ਇਕ ਸਾਥੀ ਪੰਜ ਜੁਲਾਈ ਨੂੰ ਭਿਖੀਵਿੰਡ ਰੋਡ ਉਤੇ ਸੁਰੱਖਿਆ ਫੋਰਸਾਂ ਨਾਲ ਝੜਪ 'ਚ ਮਾਰੇ ਗਏ ਸਨ। ਬਿੱਲੇ ਦੇ ਸਿਰ ਦਾ ਪੰਜਾਹ ਹਜ਼ਾਰ ਰੁਪਏ ਇਨਾਮ ਰੱਖਿਆ ਹੋਇਆ ਸੀ। ਤੇ ਤਰਨਤਾਰਨ ਸਬ ਡਿਵੀਜ਼ਨ ਵਿਚ ਸੌ ਦੇ ਕਰੀਬ ਕਤਲਾਂ ਲਈ ਜ਼ੁੰਮੇਂਵਾਰ ਦੱਸਿਆ ਜਾਂਦਾ ਹੈ।

ਦੱਸਿਆ ਜਾਂਦਾ ਹੈ ਕਿ ਉਸ ਦੇ ਮਰਨ ਉਤੇ ਤਰਨ ਤਾਰਨ ਵਿਚ ਦੋਵਾਂ ਫਿਰਕਿਆਂ ਦੇ ਲੋਕਾਂ ਨੇ ਲੱਡੂ ਵੰਡੇ ਕਿਉਂਕਿ ਫਤਹਿਬਾਦ, ਪੱਟੀ ਤੇ ਸਬਡਿਵੀਜ਼ਨ ਦੇ ਹੋਰਨਾਂ ਖੇਤਰਾਂ ਵਿਚੋਂ ਹਿੰਦੂ ਪਰਿਵਾਰਾਂ ਦੀ ਹਿਜਰਤ ਲਈ ਮੁਖ ਤੌਰ 'ਤੇ ਬਿੱਲਾ ਹੀ ਜ਼ਿੰਮੇਂਵਾਰ ਸੀ। ਬਿੱਲਾ ਪਿਛਲੇ ਸਾਲ ਫਰਵਰੀ 'ਚ ਗੁਰਦਾਸਪੁਰ ਜੇਲ੍ਹ ਵਿਚੋਂ ਫਰਾਰ ਹੋਇਆ ਸੀ ਤੇ ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਨਿਕਟ ਵਰਤੀਆਂ 'ਚੋਂ ਸੀ। ਉਸ ਦਾ ਗਰੁਪ ਆਮ ਤੌਰ ਉਤੇ ਅੰਮ੍ਰਿਤਸਰ ਜ਼ਿਲੇ ਵਿਚ ਹੀ ਕਾਰਵਾਈਆਂ ਕਰਦਾ ਸੀ ਤੇ ਉਨ੍ਹਾਂ ਦੀ ਆਪਣੀ 'ਹਿੱਟ ਲਿਸਟ' ਸੀ।

ਇਸੇ ਤਰ੍ਹਾਂ ਚਾਰ ਅਤਿਵਾਦੀ ਜੋ ਵੀਹ ਜੂਨ ਨੂੰ ਜਲੰਧਰ ਜ਼ਿਲੇ ਦੇ ਨਕੋਦਰ ਕਸਬੇ ਵਿਚ ਇਕ ਹਿੰਦੂ ਨੇਤਾ ਚੋਪੜਾ ਨੂੰ ਕਤਲ ਕਰਨ ਲਈ ਸਕੂਟਰ ਉਤੇ ਸਵਾਰ ਹੋ ਕੇ ਆਏ ਸਨ ਉਹ ਉਥੋਂ ਦੇ ਹੀ ਰਹਿਣ ਵਾਲੇ ਸਨ ਤੇ ਕੈਨੇਡਾ ਵਿਚ ਉਨ੍ਹਾਂ ਦੇ ਸਕੇ ਸਬੰਧੀ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਕਤਲ ਕਰਨ ਦੀ ਸਾਜ਼ਿਸ਼ ਦੇ ਸਬੰਧ ਵਿਚ ਗ੍ਰਿਫਤਾਰ ਕੀਤੇ ਹਨ।

ਪਿਛਲੇ ਹਫਤੇ ਜਲੰਧਰ ਦੇ ਇਕ ਕਾਂਗਰਸੀ ਨੇਤਾ ਡੀ. ਡੀ. ਖੁੱਲਰ ਉਤੇ ਹਮਲਾ ਕਰਨ ਆਏ ਮਾਰੇ ਗਏ ਅਤਿਵਾਦੀ ਇਸੇ ਸ਼ਹਿਰ ਵਿਚ ਮਾਡਲ ਟਾਊਨ ਵਿਚ ਇਕ ਕਿਰਾਏ ਦੇ ਮਕਾਨ 'ਚ ਰਹਿੰਦੇ ਸਨ।

ਇਸੇ ਤਰ੍ਹਾਂ ਫਿਰੋਜ਼ਪੁਰ ਏਰੀਏ 'ਚ ਸਰਗਰਮ ਇਕ ਅਤਿਵਾਦੀ ਗਰੁਪ ਹੀ ਉਸ ਇਲਾਕੇ 'ਚ ਪਹਿਲੀ ਜੁਲਾਈ ਨੂੰ ਕਾਰ ਵਿਚ ਸਵਾਰ ਇਕ ਪਰਿਵਾਰ ਦੇ ਪੰਜ ਜੀਆਂ ਨੂੰ ਕਤਲ ਕਰਨ ਲਈ ਜ਼ੁੰਮੇਂਵਾਰ ਹੈ। ਲਗਭਗ ਸਾਰੇ ਹੀ ਅਤਿਵਾਦੀ 455 ਬੋਰ ਦੇ ਪਿਸਤੌਲ ਤੇ ਸਟੇਨਗੰਨਾਂ ਵਰਤਦੇ ਹਨ। ਇਨ੍ਹਾਂ ਚੋਂ ਬਹੁਤੀਆਂ ਸਟੇਨਗੰਨਾਂ ਦੇਸ਼ ਦੇ ਮਾਲਖਾਨਿਆਂ ਵਿਚੋਂ ਲੁਟੀਆਂ ਜਾਂ ਖੋਹੀਆਂ ਹੋਈਆਂ ਹਨ।

# ਬਾਦਲ ਗਰੁਪ ਵਲੋਂ ਸ਼ਰੋਮਣੀ ਕਮੇਟੀ ਦੀ ਮੀਟਿੰਗ ਨਾ ਸੱਦਣ ਦਾ ਫੈਸਲਾ

ਹੁਸ਼ਿਆਰਪੁਰ — ਭਰੋਸੇਯੋਗ ਵਸੀਲਿਆਂ ਤੋਂ ਪਤਾ ਲੱਗਾ ਹੈ ਕਿ ਬਾਦਲ ਦਲ ਦੇ ਪ੍ਰਮੁਖ ਲੀਡਰਾਂ ਨੇ ਅਕਾਲੀ ਡੈਲੀਗੇਟਾਂ ਅਤੇ ਸ਼ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਗੰਢਣ ਲਈ ਵੱਖ ਵੱਖ ਜ਼ਿਲਿਆਂ ਦੇ ਦੌਰੇ ਆਰੰਭ ਕਰ ਦਿਤੇ ਹਨ। ਇਸ ਸਬੰਧ ਵਿਚ ਸ: ਗੁਰਚਰਨ ਸਿੰਘ ਟੌਹੜਾ ਦੀ ਡਿਊਟੀ ਜ਼ਿਲਾ ਹੁਸ਼ਿਆਰਪੁਰ ਲਈ ਲਗਾਈ ਗਈ। ਉਹ ਜ਼ਿਲੇ ਵਿਚ ਵੱਖ ਵਖ ਵਰਕਰਾਂ ਅਤੇ ਲੀਡਰਾਂ ਨਾਲ ਮਿਲੇ ਇਸੇ ਦੌਰਾਨ ਪਤਾ ਲੱਗਾ ਹੈ ਕਿ ਬਾਦਲ ਨੇ ਸ਼ਰੋਮਣੀ ਕਮੇਟੀ ਦੀ ਮੀਟਿੰਗ ਸੱਦਣ ਜਾਂ ਇਸ ਦੇ ਪ੍ਰਧਾਨ ਵਿਰੁਧ ਬੇਭਰੋਸਗੀ ਦਾ ਮਤਾ ਪੇਸ਼ ਨਾ ਕਰਨ ਦਾ ਪਰੋਗਰਾਮ ਬਣਾਇਆ ਹੈ। ਇਸ ਦੀ ਥਾਂ ਇਹ ਕੀਤਾ ਜਾਵੇ ਕਿ ਸ਼ਰੋਮਣੀ ਕਮੇਟੀ ਦੇ ਮੈਂਬਰਾਂ ਅਤੇ ਡੈਲੀਗੇਟਾਂ ਨੂੰ ਆਪਣੇ ਨਾਲ ਮਿਲਾਇਆ ਜਾਵੇ। ਇਸ ਦਲ ਦੇ ਇਕ ਬੁਲਾਰੇ ਨੇ ਦਾਅਵਾ ਕੀਤਾ ਕਿ ਜ਼ਿਲੇ ਦੇ ਸ਼ਰੋਮਣੀ ਕਮੇਟੀ ਦੇ ਛੇ ਵਿਚੋਂ ਚਾਰ ਮੈਂਬਰ ਉਹਨਾਂ ਨਾਲ ਹਨ ਜਦ ਕਿ ਡੈਲੀਗੇਟਾਂ ਦਾ ਬਹੁਮਤ ਵੀ ਆਪਣੇ ਨਾਲ ਕਰਨ ਦਾ ਯਤਨ ਕੀਤਾ ਜਾਵੇਗਾ।

# ਬੱਸੀ ਪਠਾਣਾਂ ਨੇੜੇ ਨਿਹੰਗ ਸਿੰਘਾਂ ਦੇ ਦੋ ਧੜਿਆਂ 'ਚ ਲੜਾਈ — ਇਕ ਹਲਾਕ

ਬੱਸੀ ਪਠਾਣਾਂ — ਇਥੋਂ 18 ਕਿਲੋਮੀਟਰ ਦੂਰ ਪਿੰਡ ਸੋਤਲ ਵਿਚ ਨਿਹੰਗ ਸਿੰਘਾਂ ਦੇ ਦੋ ਧੜਿਆਂ ਵਿਚ ਲੜਾਈ ਦੇ ਸਿੱਟੇ ਵਜੋਂ ਇਕ ਨਿਹੰਗ ਮੋਹਕਮ ਸਿੰਘ ਮੌਕੇ ਤੇ ਹਲਾਕ ਅਤੇ ਬਾਕੀ ਤਿੰਨ ਗੰਭੀਰ ਫੱਟੜ ਹੋ ਗਏ ਹਨ। ਲੜਾਈ ਵਿਚ ਬਰਛਿਆਂ ਅਤੇ ਕਿਰਪਾਨਾਂ ਦੀ ਖੁਲ੍ਹੇਆਮ ਵਰਤੋਂ ਕੀਤੀ ਗਈ ਦਸੀ ਜਾਂਦੀ ਹੈ। ਫੱਟੜ ਕੁਲਦੀਪ ਸਿੰਘ ਨੂੰ ਖਰੜ ਅਤੇ ਹਰਪਾਲ ਸਿੰਘ ਨੂੰ ਚੰਡੀਗੜ੍ਹ ਪੀ ਜੀ ਆਈ ਵਿਚ ਦਾਖਲ ਕਰਾਇਆ ਗਿਆ। ਲੜਾਈ ਇੰਨੀ ਭਿਆਨਕ ਸੀ ਕਿ ਮੋਹਕਮ ਸਿੰਘ ਦਾ ਸਿਰ ਧੜ ਤੋਂ ਲਾਹ ਦਿਤਾ ਗਿਆ, ਕੁਲਦੀਪ ਸਿੰਘ ਦੇ ਪੇਟ ਵਿਚ ਬਰਛਾ, ਮਨਸ਼ਾ ਸਿੰਘ ਦੀ ਬਾਂਹ ਤੇ ਤਲਵਾਰ ਅਤੇ ਹਰਪਾਲ ਸਿੰਘ ਦੇ ਵੀ ਤਲਵਾਰ ਦੇ ਫੱਟ ਹਨ। ਇਸ ਸਬੰਧੀ ਛੇ ਬੰਦੇ ਪੁਲਸ ਨੇ ਹਿਰਾਸਤ ਵਿਚ ਲਏ ਹਨ।

ਆਪਣੇ ਵਪਾਰ ਵਿਚ ਵਾਧੇ ਲਈ 'ਕੈਨੇਡਾ ਦਰਪਣ'
ਨੂੰ ਫੋਨ ਕਰੋ
581-4473
(ਦਫਤਰ ਦਾ ਸਮਾਂ 10.00 ਤੋਂ 5.30 ਵਜੇ ਤੱਕ)

Mutual of Omaha Insurance Company — La Mutuelle d'Omaha Compagnie d'assurance

**Farm Owners and their Employees Special Plan**

Disability — $1,250 TAX FREE per month for Accident/Sickness, Pays benefits to Age 65

Farm Overhead Expense — Pays up to $1,250 of all the FARM OWNERS OVERHEAD expenses if they are sick or hurt.

Farm & Quipment Mortgage Protection — Pays up to $1,000,000.00

Dental — Pays up to $1.000/year each

Basically, Mortgage Insurance is :

When you are sick or injured and unable to work, Mutual of Omaha's Mortgage Expense plan will provide the cash to allow you to continue your mortgage payments for as long as 18 months.

In this way, you ensure you and your family retain ownership, sepecially during the bad times.

For further information call :

Ajit Sidhu Bus: 298-7281 Res: 584-4516

SUITE 240, SPERLING PLAZA -
6450 ROBERT STREET
BURNABY, B.C. V5G 4E1



ਅਸੀਂ ਵਿਜ਼ਟਰਾਂ ਦੀ
ਇਨਸ਼ੋਰੈਂਸ ਵੀ ਕਰਦੇ ਹਾਂ

**ਫਾਰਮ ਮਾਲਕਾਂ ਅਤੇ ਉਨ੍ਹਾਂ ਦੇ ਵਰਕਰਾਂ ਲਈ ਸਪੈਸ਼ਲ ਪਲਾਨ**

- ਜੇ ਫਾਰਮਰ ਕੰਮ ਕਰਨ ਯੋਗ ਨਾ ਰਹੇ ਤਾਂ 1250 ਡਾਲਰ ਮਹੀਨਾ (ਟੈਕਸ ਫਰੀ) — ਇਹ ਫਾਇਦਾ 65 ਸਾਲ ਦੀ ਉਮਰ ਤੱਕ —
- ਫਾਰਮ ਦੇ ਖਰਚ ਦਾ 1250 ਡਾਲਰ ਤੱਕ ਮਹੀਨਾ —
- ਫਾਰਮ ਦੀ ਮਸ਼ੀਨਰੀ ਤੇ ਮਾਰਗੇਜ ਪ੍ਰੋਟੈਕਸ਼ਨ 1,000,000 ਤੱਕ।
- ਡੈਂਟਲ ਕਵਰੇਜ਼ — 1000 ਡਾਲਰ ਸਾਲਾਨਾ
- ਜੇ ਤੁਸੀਂ ਬੀਮਾਰ ਜਾਂ ਜ਼ਖਮੀ ਹੋ ਜਾਂਦੇ ਹੋ ਤਾਂ ਕੰਪਨੀ 18 ਮਹੀਨੇ ਤੱਕ ਤੁਹਾਡੀਆਂ ਕਿਸ਼ਤਾਂ ਤੋਰਨ ਲਈ ਕੈਸ਼ ਦਿੰਦੀ ਹੈ —

ਅੱਜ ਹੀ ਹੋਰ ਜਾਣਕਾਰੀ ਲਈ ਫੋਨ ਕਰੋ :

**ਅਜੀਤ ਸਿੱਧੂ**

Bus: 298-7281
Res: 584-4516

# ਪੰਜਾਬ ਸਮਝੌਤੇ 'ਚ ਅਹਿਮ ਭੂਮਿਕਾ ਨਿਭਾਉਣ ਵਾਲੀਆਂ ਸਾਰੀਆਂ ਧਿਰਾਂ ਨਿਰਾਸ਼

**ਜ. ਸ. ਸਿੱਧੂ**

ਚੰਡੀਗੜ੍ਹ — ਸਮਝਿਆ ਜਾਂਦਾ ਹੈ ਕਿ 'ਰਾਜੀਵ-ਲੌਂਗੋਵਾਲ' ਸਮਝੌਤੇ ਸਮੇਂ ਇਹ ਵੀ ਤੈਅ ਹੋਇਆ ਸੀ ਕਿ ਚੰਡੀਗੜ੍ਹ ਬਦਲੇ ਹਰਿਆਣਾ ਨੂੰ ਰਕਬਾ ਦੇਣ ਦਾ ਸਿਧਾਂਤ ਸਤਲੁਜ-ਯਮਨਾ ਲਿੰਕ ਨਹਿਰ ਉਪਰ ਵੀ ਲਾਗੂ ਹੋਵੇਗਾ।

ਸਮਝੌਤੇ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਨੇੜਲੇ ਹਲਕਿਆਂ ਦਾ ਕਹਿਣਾ ਹੈ ਕਿ ਸਮਝੌਤੇ ਸਮੇਂ ਕੇਂਦਰ ਨੇ ਇਹ ਅਸੂਲ ਪ੍ਰਵਾਨ ਕੀਤਾ ਸੀ ਕਿ ਚੰਡੀਗੜ੍ਹ ਬਦਲੇ ਹਰਿਆਣਾ ਨੂੰ ਉਤਨੇ ਹੀ ਹਿੰਦੀ ਬੋਲਦੇ ਪਿੰਡ ਦਿਤੇ ਜਾਣਗੇ ਜਿੰਨਾ ਉਸ ਦਾ ਚੰਡੀਗੜ੍ਹ ਵਿਚ ਹਿਸਾ ਬਣਦਾ ਹੈ। ਚੰਡੀਗੜ੍ਹ ਵਿਚ ਦੋਹਾਂ ਧਿਰਾਂ ਪੰਜਾਬ ਅਤੇ ਹਰਿਆਣਾ ਦੀ ਸੱਠ-ਚਾਲੀ ਦੀ ਅਨੁਪਾਤ ਨਾਲ ਹਿਸਾ ਮੰਨਿਆ ਜਾਂਦਾ ਹੈ।

ਇਨ੍ਹਾਂ ਹਲਕਿਆਂ ਦਾ ਕਹਿਣਾ ਹੈ ਕਿ ਸਤਲੁਜ-ਯਮਨਾ ਲਿੰਕ ਨਹਿਰ ਲਈ ਕਿਸਾਨਾਂ ਨੂੰ ਤਾਂ ਮੁਆਵਜ਼ਾ ਮਿਲ ਗਿਆ ਪ੍ਰੰਤੂ ਪੰਜਾਬ ਨੂੰ ਕੀ ਮਿਲਿਆ? ਇਸ ਲਿੰਕ ਨਹਿਰ ਹੇਠਾਂ ਦਸ ਹਜ਼ਾਰ ਏਕੜ ਰਕਬਾ ਆਏਗਾ। ਮਾਹਿਰਾਂ ਦਾ ਅੰਦਾਜ਼ਾ ਹੈ ਕਿ ਲਿੰਕ ਨਹਿਰ ਨਿਕਲਣ ਨਾਲ ਨਾਲ ਲਗਦਾ 25 ਹਜ਼ਾਰ ਏਕੜ ਰਕਬਾ ਹੋਰ ਖਰਾਬ ਹੋ ਜਾਵੇਗਾ। ਇਹ ਰਕਬਾ ਪੰਜਾਬ ਨੂੰ ਕਿਸੇ ਵੀ ਤਰ੍ਹਾਂ ਨਹੀਂ ਮਿਲ ਸਕਦਾ। ਕਾਨੂੰਨੀ ਤੌਰ ਉਤੇ ਵੀ ਪੰ‌ਜਾਬ ਦੇ ਦਰਿਆਵਾਂ ਦਾ ਪਾਣੀ ਲੈਣ ਲਈ ਹਰਿਆਣਾ ਨੂੰ ਮੁਆਵਾਜ਼ਾ ਦੇਣਾ ਚਾਹੀਦਾ ਹੈ।

ਇਸ ਤੋਂ ਪਹਿਲਾਂ ਰਾਜਸਥਾਨ ਨਹਿਰ ਹੇਠ ਪੰਜਾਬ ਦਾ ਸਵਾ ਛੇ ਲੱਖ ਏਕੜ ਰਕਬਾ ਖਰਾਬ ਹੋ ਚੁਕਾ ਹੈ। ਏਨਾ ਰਕਬਾ ਬੰਜਰ ਹੋ ਗਿਆ ਹੈ ਜਿਸ ਤੋਂ ਪੰਜਾਬ ਨੂੰ ਕਦੇ ਕੋਈ ਲਾਭ ਨਹੀਂ ਹੋਵੇਗਾ। ਪ੍ਰੰਤੂ ਰਾਜਸਥਾਨ ਨੇ ਉਸ ਬਦਲੇ ਪੰਜਾਬ ਨੂੰ ਕੁਝ ਨਹੀਂ ਦਿੱਤਾ।

ਕਿਸੇ ਦੂਜੇ ਸੂਬੇ ਨੂੰ ਪਾਣੀ ਦੇਣ ਸਮੇਂ ਉਸ ਉਪਰ ਰੇਲਵੇ ਜਾਂ ਸੜਕਾਂ ਵਾਲਾ ਫਾਰਮੂਲਾ ਲਾਗੂ ਨਹੀਂ ਹੋ ਸਕਦਾ ਹੈ। ਪਾਣੀ ਦੇਣ ਨਾਲ ਰਿਪੇਰੀਅਨ ਸਟੇਟ ਨੂੰ ਕੋਈ ਲਾਭ ਨਹੀਂ ਹੋਵੇਗਾ।

ਪਤਾ ਲੱਗਾ ਹੈ ਕਿ ਪਿਛਲੇ ਦਿਨੀਂ ਚੰਡੀਗੜ੍ਹ ਵਿਚ ਪੰਜਾਬ ਦੇ ਰਾਜਪਾਲ ਸ੍ਰੀ ਸਿਧਾਰਥ ਸ਼ੰਕਰ ਰੇਅ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ, ਮੁੱਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਅਤੇ ਵਿੱਤ ਮੰਤਰੀ ਬਲਵੰਤ ਸਿੰਘ ਦੀ ਰਾਜ ਭਵਨ ਵਿਚ ਜਿਹੜੀ ਮੀਟਿੰਗ ਹੋਈ ਸੀ ਉਸ ਵਿਚ ਡਾ. ਅਤਰ ਸਿੰਘ ਨੇ ਇਹ ਕਿਹਾ ਸੀ ਕਿ ਜੇਕਰ ਕੇਂਦਰ ਅਕਾਲੀ ਸਰਕਾਰ ਤੋੜਨ ਦਾ ਇਰਾਦਾ ਨਹੀਂ ਰੱਖਦਾ ਤਾਂ ਉਸ ਨੂੰ ਸੱਤਰ ਹਜ਼ਾਰ ਏਕੜ ਦਾ ਫਾਰਮੂਲਾ ਵਾਪਸ ਲੈ ਲੈਣਾ ਚਾਹੀਦਾ ਹੈ। ਇਹ ਅਜਿਹਾ ਮਸਲਾ ਹੈ ਜੋ ਕਿ ਪੂਰੇ ਦੇਸ਼ ਨੂੰ ਆਪਣੀ ਲਪੇਟ ਵਿਚ ਲੈ ਸਕਦਾ ਹੈ।

ਕੇਂਦਰ ਅਕਾਲੀ ਸਮਝੌਤੇ ਦੀ ਹਮਾਇਤੀ ਧਿਰ ਦਾ ਕਹਿਣਾ ਹੈ ਕਿ:
ਪੰਜਾਬ ਸਮਝੌਤਾ ਤਾਂ 26 ਜਨਵਰੀ ਨੂੰ ਹੀ ਕੇਂਦਰ ਨੇ ਤੋੜ ਦਿਤਾ। ਪਤਾ ਲੱਗਾ ਹੈ ਕਿ ਸਮਝੌਤੇ ਦੇ ਇਕ ਮੋਹਰੀ ਆਗੂ ਨੇ 25 ਜਨਵਰੀ ਦੀ ਸ਼ਾਮ ਨੂੰ ਹੀ ਮੁੱਖ ਮੰਤਰੀ ਬਰਨਾਲਾ ਅਤੇ ਵਿੱਤ ਮੰਤਰੀ ਬਲਵੰਤ ਸਿੰਘ ਨੂੰ ਦਿੱਲੀ ਵਿਚ ਸਲਾਹ ਦਿਤੀ ਸੀ ਕਿ ਆਪਣੇ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਦੇਣ ਕਿਉਂਕਿ ਉਹ ਅਸਲ ਵਿਚ ਲੜਾਈ ਹਾਰ ਗਏ ਹਨ। ਉਨ੍ਹਾਂ ਨੂੰ ਇਹ ਵੀ ਕਿਹਾ ਗਿਆ ਕਿ ਕੇਂਦਰ ਨੇ ਪੰਜਾਬ ਨਾਲ ਧੋਖਾ ਕੀਤਾ ਹੈ। ਕੇਂਦਰੀ ਮੰਤਰੀ ਸ਼ਿਵ ਸ਼ੰਕਰ ਅਤੇ ਸ੍ਰੀ ਅਰੁਨ ਨਹਿਰੂ ਕਿਸੇ ਵੀ ਸੂਰਤ ਵਿਚ ਸਮਝੌਤਾ ਲਾਗੂ ਹੋਣ ਦੇ ਵਿਰੁਧ ਸਨ।

ਇਨ੍ਹਾਂ ਸੂਤਰਾਂ ਅਨੁਸਾਰ ਕੇਂਦਰ ਦੀ ਨੀਅਤ ਤੋਂ ਇੰਜ ਲਗਦਾ ਹੈ ਕਿ ਪੰਜਾਬ ਤੋਂ ਜੋ ਖੋਹਿਆ ਜਾ ਸਕਦਾ ਹੈ ਉਹ ਖੋਹ ਲਿਆ ਜਾਵੇ। ਸਮਝੌਤਾ ਨਾ ਹੀ ਪੰਜਾਬ ਅਤੇ ਨਾ ਹੀ ਸਿੱਖਾਂ ਦੇ ਮਸਲੇ ਹੱਲ ਕਰ ਸਕਿਆ। ਕੇਂਦਰ ਹਰਿਆਣਾ ਨੂੰ ਹੱਥੋਂ ਗੁਆਉਣ ਦੇ ਕਿਸੇ ਵੀ ਤਰ੍ਹਾਂ ਹੱਕ ਵਿਚ ਨਹੀਂ।

ਪੰਜਾਬ ਦੇ ਇਕ ਸੀਨੀਅਰ ਅਧਿਕਾਰੀ ਨੇ ਪੰਜਾਬ ਸਰਕਾਰ ਨੂੰ ਸਲਾਹ ਦਿਤੀ ਹੈ ਕਿ ਇਰਾਦੀ ਟ੍ਰਿਬਿਊਨਲ ਦਾ ਰੁੱਖ ਪੰਜਾਬ ਹਿਤਾਂ ਦੇ ਵਿਰੁਧ ਹੀ ਹੈ। ਇਸ ਤੋਂ ਵੀ ਪੰਜਾਬ ਨੂੰ ਕੁਝ ਨਹੀਂ ਮਿਲਣ ਲੱਗਾ।

ਦੂਜੇ ਪਾਸੇ ਬਰਨਾਲਾ ਸਰਕਾਰ ਵਿਚ ਇਹ ਸਲਾਹ ਗੰਭੀਰਤਾ ਨਾਲ ਚਲ ਰਹੀ ਹੈ ਕਿ ਚੰਡੀਗੜ੍ਹ ਤੋਂ ਪੰਜਾਬ ਆਪਣਾ ਹੱਕ ਛੱਡ ਦੇਵੇ। ਪਿਛਲੇ ਪੈਟਰਨ ਉਤੇ ਹੀ ਪੰਜਾਬ ਨੂੰ ਚੰਡੀਗੜ੍ਹ ਦੀ ਥਾਂ ਇਕ ਲੱਖ ਏਕੜ ਇਲਾਕਾ ਦਿਤਾ ਜਾਵੇ। ਪੰਜਾਬ ਨੂੰ ਤਿੰਨ ਸੌ ਕਰੋੜ ਰੁਪਿਆ ਨਵੀਂ ਰਾਜਧਾਨੀ ਬਨਾਉਣ ਲਈ ਦਿਤਾ ਜਾਵੇ। ਰਾਜਧਾਨੀ ਲਈ ਰਣਜੀਤਗੜ੍ਹ ਨਗਰ ਵੀ ਵਿਚਾਰ ਅਧੀਨ ਹੈ।

ਇਕ ਸੁਝਾਅ ਇਹ ਵੀ ਹੈ ਕਿ ਚੰਡੀਗੜ੍ਹ ਨੂੰ ਸੱਠ ਅਤੇ ਚਾਲੀ ਦੇ ਅਨੁਪਾਤ ਨਾਲ ਵੰਡ ਦਿਤਾ ਜਾਵੇ।

---

ਫੂਕ ਸ਼ਕਾਂ ਨਾ ਰੂਹ ਆਪਣੀ! ਸਾੜ ਸਕਾਂ ਨਾ ਮੈਂ ਪਰਛਾਵਾਂ!!
ਕੱਚ ਦੇ ਬਸਤਰ, ਮੋਮ ਦਾ ਪਿੰਡਾ! ਕੀਕਣ ਸੂਰਜ ਦੇ ਘਰ ਜਾਵਾਂ?

ਰੱਬ ਨੇ ਕੰਨੀ ਉਂਗਲਾਂ ਦਿੱਤੀਆਂ! ਗੂੰਗੇ ਹੋਏ ਫਰਿਸ਼ਤੇ ਸਾਰੇ,
ਕੌਣ ਸੁਣੇ ਅਰਦਾਸ ਮੇਰੀ! ਤੇ ਕੌਣ ਕਬੂਲੇ ਅੱਜ ਦੁਆਵਾਂ?

ਸੰਗੀ ਸਾਥੀ ਇਕ ਇਕ ਕਰ ਕੇ, ਆਪਣੇ ਆਪਣੇ ਰਾਹੇ ਪੈ ਗਏ!
ਡਾਰੋਂ ਵਿਛੜੀ ਕੂੰਜ ਦੇ ਵਾਗੂੰ, ਕੱਲਮ ਕੱਲਾ ਮੈਂ ਕੁਰਲਾਵਾਂ!!

ਮੇਰੇ ਪੈਰ ਚੁਰਾ ਕੇ ਲੈ ਗਿਆ, ਬਣ ਕੇ ਮੇਰਾ ਮਿੱਤਰ ਕੋਈ!
ਸੁੰਨੇ ਜੰਗਲ ਵਿਚੋਂ ਭੱਜ ਕੇ, ਦੱਸੋ ਪਰਤ ਕਿਵੇਂ ਘਰ ਆਵਾਂ!

# ਖਾਲਸਾ ਸਕੂਲ ਲਈ ਸੇਵਾਵਾਂ ਕਰਨ ਪ੍ਰਤੀ ਬੇਨਤੀ

ਇਹ ਦੱਸਦਿਆਂ ਸਾਨੂੰ ਅਤੀ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਵੈਨਕੂਵਰ ਸਕੂਲ ਬੋਰਡ ਤੋਂ "ਸਾਊਥ ਹਿਲ" ਸਕੂਲ ਦੀ ਇਮਾਰਤ "ਖਾਲਸਾ ਸਕੂਲ ਵੈਨਕੂਵਰ" ਲਈ ਜੋ ਲੀਜ਼ ਉਪਰ ਲਈ ਗਈ ਸੀ ਉਸ ਦਾ ਪੂਰਾ ਚਾਰਜ 15 ਜੁਲਾਈ, 1986 ਤੋਂ ਆਪਾਂ ਨੂੰ ਮਿਲ ਗਿਆ ਹੈ। ਇਸ ਲਈ ਅਗਲਾ ਇਕ ਮਹੀਨਾ ਭਾਵ 15 ਅਗਸਤ ਤਕ ਇਸ ਬਿਲਡਿੰਗ ਵਿਚ ਬਹੁਤ ਕੰਮ ਇਮਾਰਤ ਨੂੰ "ਖਾਲਸਾ ਸਕੂਲ" ਲਈ ਤਿਆਰ ਕਰਨ ਲਈ ਕੀਤੇ ਜਾਣਗੇ। ਇਸ ਲਈ ਸਭ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਹੋਣ ਵਾਲੇ ਕੰਮਾਂ ਵਿਚ ਸੇਵਾ ਕਰਕੇ ਆਪਣਾ ਜੀਵਨ ਅਤੇ ਆਪਣੀ ਕਮਾਈ ਸਫਲ ਕਰਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਲੋੜੀਂਦੇ ਸਮਾਨ ਅਤੇ ਹੋਰ ਹੋਣ ਵਾਲੇ ਕੰਮਾਂ ਦਾ ਸੰਖੇਪ ਵਿਚ ਵੇਰਵਾ ਇਸ ਪ੍ਰਕਾਰ ਹੈ :—

1. ਸਕੂਲ ਲਈ 2 ਜਾਂ 3 ਫਰਿਜ਼ਾਂ, ਸਟੋਵ ਆਦਿ
2. ਗੁਰੂ ਮਹਾਰਾਜ ਜੀ ਦੇ ਕਮਰੇ ਲਈ ਚਾਨਣੀ, ਮੰਜੀ ਸਾਹਿਬ, ਤਖਤ ਪੋਸ਼, ਕਾਰਪਿਟ ਆਦਿ ਲੋੜੀਂਦਾ ਸਮਾਨ
3. ਸਕੂਲ ਲਈ ਫਰਨੀਚਰ, ਕੁਰਸੀਆਂ, ਅਲਮਾਰੀਆਂ, ਡਿਸਕਾਂ, ਮੇਜ, ਬਲੈਕ ਬੋਰਡ ਆਦਿ
4. ਸੇਵਾ ਲਈ ਕਾਰਪੇਂਟਰਾਂ ਦੀ, ਪਾਈਪ ਫਿਟਰਾਂ ਅਤੇ ਹੋਰ ਸਹਾਇਕ ਸੇਵਾਦਾਰਾਂ ਦੀ ਜ਼ਰੂਰਤ ਹੈ।
5. ਸਕੂਲ ਦੀ ਬੇਸਮਿੰਟ ਵਿਚ ਇਕ ਸੇਵਾਦਾਰ ਲਈ ਕਮਰਾ ਤਿਆਰ ਕਰਨਾ ਹੈ, ਜਿਸ ਲਈ ਲੱਕੜਾਂ, ਪਲਾਈ ਵੁਡ, ਡਾਵਰ ਅਤੇ ਹੋਰ ਇਮਾਰਤੀ ਸਮਾਨ ਦੀ ਜ਼ਰੂਰਤ ਹੈ।

ਉਪਰ ਦਿੱਤੀਆਂ ਅਤੇ ਹੋਰ ਕਈ ਪ੍ਰਕਾਰ ਦੀਆਂ ਸੇਵਾਵਾਂ ਲਈ ਹੱਥੀ ਸੇਵਾ ਕਰਨ ਵਾਲੇ ਸਜਣਾਂ ਦੀ ਜ਼ਰੂਰਤ ਹੈ, ਸਮਾਨ ਦੀ ਜ਼ਰੂਰਤ ਹੈ। ਸਭ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਕੁਝ ਨਾ ਕੁਝ ਸੇਵਾ ਵਿਚ ਸਾਰੇ ਹੀ ਹਿਸਾ ਜ਼ਰੂਰ ਪਾਵੋ ਜੀ। ਇਨ੍ਹਾਂ ਸੇਵਾਵਾਂ ਲਈ ਹੇਠ ਲਿਖੇ ਸੇਵਾਦਾਰਾਂ ਨੂੰ ਫੂਨ ਕਰੋ ਜੀ :-

ਭਾਈ ਬਲਬੰਤ ਸਿੰਘ ਜੀ — 321-5495 ਭਾਈ ਰਿਪਦੁਮਨ ਸਿੰਘ ਜੀ ਮਲਕ — 263-9657 — ਖਾਲਸਾ ਸਕੂਲ ਦਾ ਫੋਨ ਨੰ: — 321-1226

ਸਕੂਲ ਵਿਚ ਪੱਕੇ ਤੌਰ ਉਪਰ ਰਾਤ ਨੂੰ ਰਹਿ ਕੇ ਸੇਵਾ ਕਰਨ ਵਾਲੇ ਇਕ ਜਾਂ ਦੋ ਸੇਵਾਦਾਰਾਂ ਦੀ ਜ਼ਰੂਰਤ ਹੈ ਜੀ। ਜੋ ਸੱਜਣ ਸਕੂਲ ਦੀ ਰਾਖੀ ਦਾ ਕੰਮ, ਸ੍ਰੀ ਗੁਰੂ ਮਹਾਰਾਜ ਜੀ ਦੀ ਸੇਵਾ ਅਤੇ ਹੋਰ ਲੋੜੀਂਦੀਆਂ ਸੇਵਾਵਾਂ ਮੌਕੇ ਅਨੁਸਾਰ ਕਰ ਸਕਦਾ ਹੋਵੇ ਜੀ। ਐਸੇ ਸੇਵਾਦਾਰਾਂ ਦੀ ਜ਼ਰੂਰਤ ਹੈ, ਜਲਦੀ ਹੀ ਅਰਜ਼ੀਆਂ ਭੇਜੀਆਂ ਜਾਣ ਜੀ।

ROKKO SAREES & FABRICS
6201 Fraser Street
VANCOUVER
Tel: 327-3033

ਰੋਕੋ ਸਾੜ੍ਹੀਜ਼ ਹਫ਼ਤੇ ਦੇ ਸੱਤੇ ਦਿਨ
ਖੁਲ੍ਹਾ ਰਹਿੰਦਾ ਹੈ




ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ
ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ

# ਦਿਮਾਗੀ ਰੋਗ ਤੇ ਸਮਾਜਕ ਰਿਸ਼ਤਿਆਂ ਦਾ ਸਬੰਧ

ਚਰਨਪਾਲ ਗਿੱਲ



ਜਦ ਕੋਈ ਵਿਅਕਤੀ ਦਿਮਾਗੀ ਰੋਗ ਦਾ ਸ਼ਿਕਾਰ ਹੋ ਜਾਵੇ ਤਾਂ ਅਸੀਂ ਉਸਨੂੰ ਕਮਲਾ ਸੱਦਦੇ ਹਾਂ। ਇਸ ਕਰਕੇ ਰਿਵਰਵਿਊ ਹਸਪਤਾਲ ਨੂੰ ਸਾਡੇ ਲੋਕ ਕਮਲਿਆਂ ਦਾ ਹਸਪਤਾਲ ਆਖਦੇ ਹਨ। ਇਥੇ ਦੁਖੀ ਬੰਦਿਆਂ ਦਾ ਇਲਾਜ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਸਮਾਜ ਨੇ ਦਬਾਇਆ ਤੇ ਭੈੜੇ ਵਰਤਾਓ ਨਾਲ ਉਨ੍ਹਾਂ ਦਾ ਸਿਰ ਫੇਰ ਦਿਤਾ। ਇਹ ਉਹ ਲੋਕ ਹਨ ਜਿਨ੍ਹਾਂ ਨੂੰ ਦਬਾ ਕੇ, ਪੀੜਕੇ, ਸਮਾਜਕ ਰਿਸ਼ਤੇ ਬਿਲਕੁਲ ਤੋੜਕੇ, ਇਸ ਸਮਾਜ ਵਿਚ ਰਹਿਣ ਦੇ ਨਕਾਬਲ ਬਣਾ ਦਿਤਾ ਹੈ ਤੇ ਹੁਣ ਇਹ ਦੁਖੀ ਲੋਕ ਸਰਕਾਰ ਦੇ ਹਵਾਲੇ ਹਨ। ਇਨ੍ਹਾਂ ਦੀਆਂ ਜ਼ਿੰਦਗੀ ਦੀਆਂ ਕਹਾਣੀਆਂ ਬੜੀਆਂ ਦਰਦਨਾਕ ਤੇ ਦੁਖ ਭਰੀਆਂ ਹਨ।

ਭਾਰਤ ਵਿਚ ਪੁਰਾਣੀ ਪਰੰਪਰਾ ਹਿਸਾਬ ਜੋ ਵਿਅਕਤੀ ਦਿਮਾਗੀ ਰੋਗ ਦਾ ਸ਼ਿਕਾਰ ਹੋ ਜਾਵੇ ਉਸਨੂੰ ਆਖਦੇ ਸਨ ਕਿ ਇਸ ਵਿਚ ਭੂਤਾਂ ਆ ਗਈਆਂ ਹਨ। ਸਾਧ ਲੋਕ ਸੰਗਲਾਂ ਨਾਲ ਕੁਟਕੇ ਤਸੀਹੇ ਦੇ ਕੇ ਭੂਤਾਂ ਕੱਢਦੇ ਸਨ। ਕਹਾਣੀਆਂ ਕਈ ਤਰ੍ਹਾਂ ਦੀਆਂ ਪਰਚਲਤ ਹਨ। ਕਈ ਲੋਕ ਕੁਟ ਕਰਕੇ ਮਰ ਭੀ ਗਏ ਤੇ ਕਈ ਇਸਤਰੀਆਂ ਇਨ੍ਹਾਂ ਸਾਧਾਂ ਦੀ ਕਾਮ ਵਾਸ਼ਨਾ ਦਾ ਸ਼ਿਕਾਰ ਭੀ ਹੋਈਆਂ। ਇਸ ਫਿਲਾਸਫੀ ਅਨੁਕੂਲ ਦਿਮਾਗੀ ਰੋਗ ਪਿਛਲੇ ਯੁਗ ਵਿਚ ਮਾੜੇ ਕੰਮ ਕਰਨ ਦਾ ਨਤੀਜਾ ਹੈ। ਇਨ੍ਹਾਂ ਮਾੜੇ ਕਰਮਾਂ ਕਰਕੇ ਪਰਮਾਤਮਾ ਵਿਅਕਤੀ ਨੂੰ ਸਜ਼ਾ ਦੇ ਰਿਹਾ ਹੈ। ਪਰ ਵਿਅਕਤੀ ਦੀਆਂ ਰੋਜ਼ ਦੀਆਂ ਔਕੜਾਂ, ਗੁਲੀ, ਜੁਲੀ ਤੇ ਕੁਲੀ ਬਾਰੇ ਮਜ਼ਦੂਰਾਂ ਦੇ ਅਣਥੱਕ ਘੋਲ ਤੇ ਅਮੀਰਾਂ ਦੀ ਐਸ਼ ਪ੍ਰਸਤੀ ਤੇ ਬਦਚਲਣ ਜ਼ਿੰਦਗੀ ਦਾ ਨਤੀਜਾ ਤੇ ਹੋਰ ਸਮਾਜਕ ਤੇ ਮਨੋਵਿਗਿਆਨਕ ਔਕੜਾਂ ਨੂੰ ਇਕਲਾਂਭੇ ਰਖਿਆ ਗਿਆ ਸੀ। ਅੱਜ ਮੈਂ ਆਪਨੂੰ ਕੈਨੇਡਾ ਵਿਚ ਰਹਿੰਦੇ ਲੋਕਾਂ ਦੇ ਦਿਮਾਗੀ ਬੀਮਾਰੀਆਂ ਦੇ ਕੁਝ ਕੁ ਸਮਾਜਕ ਕਾਰਨਾਂ ਵੱਲ ਧਿਆਨ ਦਿਵਾਵਾਂਗਾ ਇਨ੍ਹਾਂ ਕੁਝ ਕੁ ਸਮਾਜਕ ਦਬਾਵਾਂ ਕਾਰਨ ਕੋਈ ਭੀ ਵਿਅਕਤੀ 'ਕਮਿਲਆਂ' ਦੇ ਹਸਪਤਾਲ ਦੇ ਰਾਹ ਵੱਲ ਤੁਰ ਸਕਦਾ ਹੈ।

ਕੈਨੇਡਾ ਨਿਵਾਸੀਆਂ ਦੀਆਂ ਬਹੁਤ ਸਾਰੀਆਂ ਮੁਸ਼ਕਲਾਂ ਇੰਮੀਗਰੇਸ਼ਨ ਤੋਂ ਸ਼ੁਰੂ ਹੁੰਦੀਆਂ ਹਨ। ਕਿਵੇਂ ਮੁੰਡੇ, ਕੁੜੀ ਜਾਂ ਆਪਦੇ ਰਿਸ਼ਤੇਦਾਰਾਂ ਨੂੰ ਕੈਨੇਡਾ ਵਿਚ ਮੰਗਵਾਉਣਾ ਹੈ। ਵੱਟਾ ਸੱਟਾ ਕਰਨਾ ਆਪਣੀ ਸਿੰਘਣੀ ਨਾਲ ਤਲਾਕ ਕਰਨਾ ਤੇ ਹੋਰ ਕਿੰਨੇ ਲੋਕਾਂ ਦੀ ਮਿੰਨਤ ਤੇ ਖੁਸ਼ਾਮਦ ਕਰਨੀ। ਦੇਸ਼ ਤੋਂ ਭੈਣ ਭਰਾਵਾਂ ਤੇ ਰਿਸ਼ਤੇਦਾਰਾਂ ਦੀਆਂ ਚਿੱਠੀਆਂ ਤਾਨੇ ਮਿਹਣੇ ਇਤਿਆਦਿ ਚੰਗੇ ਭਲੇ ਲੋਕਾਂ ਤੇ ਅਸਰ ਕਰਦੀਆਂ ਹਨ। ਆਪਦੇ ਨੇੜਿਓਂ ਤੇ ਪਿਆਰ ਮੁਹੱਬਤ ਕਰਨ ਵਾਲਿਆਂ ਵਿਚ ਖਿਚੋਤਾਣ ਮਨ ਤੇ ਭੈੜਾ ਅਸਰ ਕਰਦੀ ਹੈ।

ਜਦ ਕੋਈ ਵਿਅਕਤੀ ਆਪਦੇ ਸਮਾਜਕ ਵਾਤਾਵਰਨ ਵਿਚ ਉਖੜਕੇ ਕੈਨੇਡਾ ਵਿਚ ਆਉਂਦਾ ਹੈ, ਤਾਂ ਉਸਨੂੰ ਸਭ ਕੁਝ ਹੀ ਓਪਰਾ ਲਗਦਾ ਹੈ। ਜੋ ਉਹ ਆਸਾਂ ਚਾਵਾਂ ਤੇ ਮਲਾਰਾਂ ਨਾਲ ਇਸ ਅਮੀਰ ਧਰਤੀ ਨੂੰ ਆਇਆ ਸੀ, ਉਹ ਪੂਰੀਆਂ ਹੁੰਦੀਆਂ ਨਹੀਂ ਦਿਸਦੀਆਂ। ਰੋਟੀ ਕਮਾਕੇ ਖਾਣੀ ਦੇਸ਼ ਨਾਲੋਂ ਭੀ ਦੂਭਰ ਲਗਦੀ ਹੈ। ਠੰਡ ਵਿਚੋਂ ਕੈਨੇਡਾ ਨਿਵਾਸੀ ਭਜਕੇ ਸੂਟ ਬੂਟ ਪਾ ਕੇ ਭਾਰਤ ਵਿਚ ਹਾਲੀਡੇ ਕਰਕੇ ਅੱਗ ਲਾ ਆਏ ਸਨ — ਉਹ ਵੇਲੇ ਚੇਤੇ ਆਉਂਦੇ ਹਨ। ਉਹੀ ਬੰਦਿਆਂ ਨੂੰ ਲਿਬੜੇ ਤਿਬੜੇ ਕੱਪੜਿਆਂ ਵਿਚ ਖੇਤਾਂ ਵਿਚ ਝੱਖ ਮਾਰਦੇ ਵੇਖਕੇ ਉਚੀਆਂ ਆਸਾਂ ਦਾ ਭਾਂਡਾ ਕੜਾਕ ਫੁਟ ਜਾਂਦਾ ਹੈ। ਖਾਂਦੇ ਪੀਂਦੇ ਘਰਾਂ ਦੇ ਮੁੰਡੇ ਕੁੜੀਆਂ ਆ ਕੇ ਜਦ ਵੇਖਦੇ ਹਨ ਕਿ ਕੈਨੇਡਾ ਰੋਟੀ ਤਾਂ ਬੜੀ ਔਖੀ ਕਮਾਈ ਜਾਂਦੀ ਹੈ ਤਾਂ ਉਨ੍ਹਾਂ ਦੇ ਨਾਨੀ ਚੇਤੇ ਆਉਂਦੀ ਹੈ। ਜਦ ਉਹ ਵੇਖਦੇ ਹਨ ਕਿ ਉਨ੍ਹਾਂ ਦੀ ਪੁਜ਼ੀਸ਼ਨ ਸਰਦਾਰਾਂ ਤੋਂ ਸਾਂਝੀਆਂ ਵਰਗੀ ਬਣ ਗਈ ਹੈ ਤੇ ਉਨ੍ਹਾਂ ਦੀ ਪਦਵੀ ਇਕ ਝਟਕੇ ਨਾਲ ਹੀ ਸੌ ਫੁਟ ਡਿਗ ਪਈ ਹੈ — ਇਹ ਗੱਲ ਮਨੋਵਿਗਿਆਨਕ ਤੌਰ ਤੇ ਮਨਜ਼ੂਰ ਨਹੀਂ ਕਰਦੇ ਭਾਵੇਂ ਸਚਾਈ ਉਨ੍ਹਾਂ ਦੇ ਸਾਹਮਣੇ ਹੈ।

ਇਸ ਸੱਟ ਨਾਲ ਬਹੁਤ ਹੀ ਲੋਕ ਇਸ ਗੱਲ ਨੂੰ ਭੁਲਣ ਲਈ ਦੱਬਕੇ ਸ਼ਰਾਬ ਪੀਣ ਲੱਗ ਜਾਂਦੇ ਹਨ। ਇਸ ਕਹਾਣੀ ਨੂੰ ਚਲਦਿਆਂ ਚਾਰ ਪੰਜ ਸਾਲ ਲਗ ਜਾਂਦੇ ਹਨ। ਇਸਤੋਂ ਇਲਾਵਾ ਨਵੇਂ ਆਏ ਇਮੀਗਰੇਂਟਾਂ ਨੂੰ ਕਿਰਾਇਆ ਵਾਪਸ ਦੇਣਾ, ਨੌਕਰੀ ਲੈਣੀ, ਰਹਿਣ ਲਈ ਥਾਂ ਵੇਖਣੀ ਇਤਿਆਦਿ ਔਕੜਾ ਭੀ ਆਉਂਦੀਆਂ ਹਨ। ਕਈਆਂ ਦਾ ਇਸ ਗੇੜ ਵਿਚ ਵਿਆਹ ਆਲਰੇਡੀ ਹੋ ਚੁਕਿਆ ਹੁੰਦਾ ਹੈ ਤੇ ਚਾਰ ਕੁ ਸਾਲ ਬਾਦ ਇਕੋ ਦੋ ਬੱਚੇ ਭੀ ਪਰਮਾਤਮਾ ਬਖਸ਼ ਦੇਂਦਾ ਹੈ। ਗਰੋਸਰੀ ਲਿਆਉਣੀ, ਮਾਰਟਗੇਜ਼ ਜਾ ਕਿਰਾਇਆ ਦੇਣਾ ਤੇ ਨਾਲ ਹੀ ਜ਼ਨਾਨੀ ਕਹਿੰਦੀ ਹੈ ਫਲਾਣਿਆਂ ਦੇ ਨਵੇਂ ਕਰਟਨ, ਸੋਫਾ ਸੈਟ ਤੇ ਡਾਇਨਿੰਗ ਸੈਟ ਲਿਆਂਦਾ ਹੈ ਇਹੋ ਜਿਹਾ ਘਣ ਚੱਕਰ ਚਲਦਾ ਹੈ ਕਿ ਬੰਦਾ ਭੰਵਲਭੂਸੇ 'ਚ ਫਸ ਜਾਂਦਾ ਹੈ — ਇਸ ਗੱਲ ਨੂੰ ਸਾਡੇ ਲੋਕ ਕਬੀਲਦਾਰੀ ਕਹਿੰਦੇ ਹਨ — ਕਬੀਲਦਾਰੀਏ ਨੀ ਕਬੀਲਦਾਰੀਏ ਨਾ ਤੂੰ ਜਿਉਂਦਾ ਰੱਖਦੀ ਹੈਂ, ਨਾ ਤੂੰ ਮਾਰਦੀ ਏਂ।

ਜਦ ਪਹੁੰਚ ਤੋਂ ਟੱਪਕੇ ਵੱਡੇ ਘਰ ਤੇ ਮਹਿੰਗੀਆਂ ਚੀਜ਼ਾਂ ਲੋਕ ਆਪਣਾ ਘੁਮੰਡ ਉਚਾ ਕਰਨ ਲਈ ਲੈਂਦੇ ਹਨ, ਉਸਦਾ ਨਤੀਜਾ ਆਖਰ ਵਿਚ ਇਹ ਨਿਕਲਦਾ ਹੈ ਕਿ ਨਾ ਹੀ ਘਰ ਤੇ ਨਾ ਹੀ ਪਤਨੀ ਰਹਿੰਦੀ ਹੈ। ਤੇ ਕਈ ਵਾਰੀ ਮਰਦ ਜਾਂ ਔਰਤ ਦਿਮਾਗੀ ਰੋਗ ਦਾ ਸ਼ਿਕਾਰ ਹੋ ਜਾਂਦਾ ਹੈ। ਪਰਵਾਰ ਦੇ ਉਖੜਣ ਨਾਲ ਸ਼ਰਾਬ ਪੀ ਕੇ ਗਮ ਨੂੰ ਭੁਲਾਉਣ ਨਾਲ ਮੁਸ਼ਕਲਾਂ ਜ਼ਰਬ ਖਾ ਜਾਂਦੀਆਂ ਹਨ। ਰਿਵਰਵਿਊ ਹਸਪਤਾਲ ਵਿਚ ਦਾਖਲ ਹੋਣ ਵਾਲਿਆਂ ਦੀ ਗਿਣਤੀ ਵਿਚੋਂ 95 ਪਰਸੈਂਟ ਸ਼ਰਾਬ ਪੀਣ ਵਾਲੇ ਹਨ।

ਜੇ ਬੰਦਾ ਉਤਲੇ ਚੱਕਰ ਚੋਂ ਨਿਕਲਕੇ ਪਰਵਾਰ ਪਾਲ ਭੀ ਲਵੇ ਤਾਂ ਜਦ ਬੱਚੇ ਨੌਜੁਆਨ ਹੁੰਦੇ ਹਨ ਤਾਂ ਪਤਾ ਚਲਦਾ ਹੈ ਕਿ ਮਾਂ ਪਿਉ ਤੇ ਬੱਚਿਆਂ 'ਚ ਪਾੜਾ ਬਹੁਤ ਹੀ ਵੱਡਾ ਹੋ ਗਿਆ ਹੈ। ਬੱਚਿਆਂ ਦੀ ਸੋਚਣੀ, ਰਹਿਣੀ ਬਹਿਣੀ ਬਿਲਕੁਲ ਹੀ ਮਾਂ ਪਿਉ ਦੇ ਖਿਆਲਾਂ ਤੋਂ ਉਲਟ ਹੈ। ਉਹ ਆਪਣੇ ਮਾਂ ਪਿਉ ਦੇ ਖਿਆਲਾਂ ਦਾ ਵਿਰੋਧ ਕਰਦੇ ਹਨ ਤੇ ਆਪਣੀ ਬਰਾਬਰਤਾ ਬਰਕਰਾਰ ਕਰਨ ਲਈ ਜਦੋ ਜਹਿਦ ਕਰਦੇ ਹਨ। ਇਹ ਲੜਾਈ ਇੰਨੀ ਗਹਿਰੀ ਤੇ ਗੰਭੀਰ ਹੋ ਜਾਂਦੀ ਹੈ ਕਿ ਕਈ ਵਾਰ ਬੱਚੇ ਜਾਂ ਮਾਪਿਆਂ ਨੂੰ ਦਿਮਾਗੀ ਰੋਗ ਲੱਗ ਜਾਂਦੇ ਹਨ।

ਸਮਾਜਕ ਕਦਰਾਂ ਤੇ ਕੀਮਤਾਂ ਦਾ ਭੀ ਬੜਾ ਭੇੜ ਪੈਂਦਾ ਹੈ। ਜੋ ਲੋਕ ਆਪਦੇ ਬਜ਼ੁਰਗਾਂ ਨੂੰ ਮੰਗਵਾ ਲੈਂਦੇ ਹਨ ਤਾਂ ਬਜ਼ੁਰਗ ਚਾਹੁੰਦੇ ਹਨ ਉਨ੍ਹਾਂ ਦੀ ਉਸੇ ਤਰ੍ਹਾਂ ਇਜ਼ਤ ਹੋਵੇ ਜਿਸ ਤਰ੍ਹਾਂ ਦੇਸ਼ ਵਿਚ ਹੁੰਦੀ ਸੀ ਪਰ ਪਰਵਾਰ ਉਨ੍ਹਾਂ ਨੂੰ ਫਾਰਮਾਂ ਵਿਚ ਬੇਰੀ ਤੋੜਨ ਭੇਜ ਦੇਂਦੇ ਹਨ ਤੇ ਬਜ਼ੁਰਗਾਂ ਦਾ ਚੈਕ ਭੀ ਮੰਗਦੇ ਹਨ ਜਾਂ ਕਹਿੰਦੇ ਹਨ ਕਿ ਸਾਨੂੰ ਰੂਮ ਅਤੇ ਬੋਰਡ ਦਿਤਾ ਜਾਵੇ ਕਿਉਂਕਿ ਕੈਨੇਡਾ ਦਾ ਵਾਤਾਵਰਣ ਬੜਾ ਵੱਖਰਾ ਹੈ। ਇਸ ਵੱਖਰੇ ਵਾਤਾਵਰਣ ਨੇ ਬਹੁਤ ਸਾਰੇ ਆਏ ਬਜ਼ੁਰਗਾਂ ਤੇ ਨੌਜੁਆਨਾਂ ਦੇ ਸਿਰ ਚੁਕ ਦਿਤੇ ਹਨ। ਜਦ ਸਮਰ ਵਿਚ ਪਾਰਕਾਂ ਵਿਚ ਗੋਰੀਆਂ ਬਿਕੀਨੀਆਂ ਪਾਈਆਂ ਫਿਰਦੀਆਂ ਹਨ ਤਾਂ ਨਵੇਂ ਆਏ ਇਮੀਗਰੈਂਟ ਟੇਢੀ ਅੱਖ ਨਾਲ ਵੇਖਦੇ ਹਨ। ਉਨ੍ਹਾਂ ਦੇ ਮਨ ਵਿਚ ਬੜੀ ਬੇਚੈਨੀ ਤੇ ਗੜਬੜ ਹੋ ਜਾਂਦੀ ਹੈ, ਵੇਖਕੇ ਇਹ ਕੀ ਭਾਣਾ ਵਰਤ ਰਿਹਾ ਹੈ। ਇਹ ਤੇਜ਼ੀ ਵਾਲਾ ਤੇ ਨਵਾਂ ਵਾਤਾਵਰਣ ਭੀ ਸਿਰ ਹਿਲਾ ਦਿੰਦਾ ਹੈ ਤੇ ਦਿਮਾਗ ਤੇ ਪਰੈਸ਼ਰ ਵੱਧ ਜਾਂਦਾ ਹੈ।

ਇਸਤਰੀ ਪੁਰਸ਼ ਦਾ ਇਕ ਦੂਜੇ ਤੋਂ ਭਰੋਸਾ ਚਲਿਆ ਜਾਣਾ ਭੀ ਇਸ ਨਵੇਂ ਇਨਡਸਟਰੀ ਵਾਲੇ ਯੁਗ ਤੇ ਵਾਤਾਵਰਣ ਦੀ ਦੇਣ ਹੈ। ਇਸ ਬੇਭਰੋਸੇ ਨਾਲ ਭੀ ਗੜਬੜ ਬਹੁਤ ਵਧਦੀ ਹੈ। ਕੈਨੇਡਾ ਦੀ ਸੁਸਾਇਟੀ ਦਾ ਸਾਡੇ ਉਤੇ ਜ਼ਬਰਦਸਤ ਅਸਰ ਪੈ ਰਿਹਾ ਹੈ ਜਿਸਨੂੰ ਅਸੀਂ ਚੰਗਾ ਨਹੀਂ ਸਮਝਦੇ ਪਰ ਹੜੱਪੇ ਜਾ ਰਹੇ ਹਾਂ। ਇਹ ਭੀ ਫਿਕਰ ਹੈ ਕਿ ਤੀਜੀ ਪੁਸ਼ਤ ਤੱਕ ਸਾਡਾ ਖਾਤਮਾ ਹੋ ਜਾਣਾ ਹੈ। ਮੈਂ ਤੀਜੀ ਪੁਸ਼ਤ ਦੇ ਵੀਹ ਕੁ ਪਰਵਾਰਾਂ ਵੱਲ ਧਿਆਨ ਮਾਰਿਆ ਸੀ, ਉਨ੍ਹਾਂ ਵਿਚੋਂ ਕਿਸੇ ਨੂੰ ਭਾਰਤੀ ਜ਼ਬਾਨ ਨਹੀਂ ਆਉਂਦੀ ਤੇ ਉਹ ਨਿਰੇ ਗੋਰੇ ਬਣ ਗਏ ਹਨ। ਕਈ ਲੋਕ ਭੁਲੇਖਿਆਂ ਵਿਚ ਹਨ ਕਿ ਸਾਡੀ ਔਲਾਦ ਦਾ ਭਵਿਖ ਵਿਚ ਕੀ ਹੋਵੇਗਾ ਭਾਵੇਂ ਨਤੀਜਾ ਉਨ੍ਹਾਂ ਦੇ ਸਾਹਮਣੇ ਹੈ। ਲੋਕ ਸੱਚ ਮੰਨਣ ਤੋਂ ਮੁਨਕਰ ਹਨ।

ਇਹ ਉਤਲੇ ਕੁਝ ਕੁ ਸਮਾਜਕ ਸਬੱਬ ਹਨ ਜੋ ਕਿ ਸਾਡੇ ਲੋਕਾਂ ਨੂੰ ਦਿਮਾਗੀ ਰੋਗ ਲਾਉਂਦੇ ਹਨ। ਭਾਵੇਂ ਹਸਪਤਾਲਾਂ ਵਿਚ ਅਜੇ ਗਿਣਤੀ ਥੋੜੀ ਹੈ ਪਰ ਵਧੇਰੀ ਗਿਣਤੀ ਵਾਲੇ ਨੀਮ-ਪਾਗਲ ਅਜੇ ਘਰਾਂ ਵਿਚ ਹੀ ਬੈਠੇ ਹਨ। ਕੈਨੇਡਾ ਦੇ ਸਮਾਜਕ ਅੰਸਰਾਂ ਤੋਂ ਅਸੀਂ ਕਦੇ ਵਾਂਝੇ ਨਹੀਂ ਰਹਿ ਸਕਦੇ।

ਸਿਵਿਆਂ ਦੀ ਅੱਗ ਬੱਲੀਆਂ ਉਤੇ ਰੱਖੀ ਹੈ !!
ਸੱਚ - ਕੁਰੱਤਣ, ਜਦੋਂ ਕਦੇ ਵੀ ਚੱਖੀ ਹੈ !!

ਓਹੀ ਮੇਰੀ ਅਜ਼ਮਤ ਦਾ ਹੈ ਦੁਸ਼ਮਣ ਅੱਜ !
ਜਿਸ ਦੀ ਇੱਜ਼ਤ ਮੈਂ ਹੀ ਹਮੇਸ਼ਾਂ ਰੱਖੀ ਹੈ।






Gurdial Singh(Gaddey)

**Super Star Plumbing & Electrical Heating Supply Ltd.**

4270 Fraser Street, Vancouver, B.C.

**Phone 874-0511**

ਆਪਣੀਆਂ ਹਰ ਤਰ੍ਹਾਂ ਦੀਆਂ ਪਲੰਬਿੰਗ ਅਤੇ ਬਿਜਲੀ ਦੇ ਸਮਾਨ ਆਦਿ ਦੀਆਂ ਲੋੜਾਂ ਲਈ ਹਮੇਸ਼ਾਂ ਸੁਪਰਸਟਾਰ ਪਲੰਬਿੰਗ ਵਾਲਿਆਂ ਨੂੰ ਯਾਦ ਰੱਖੋ। ਐਸਟੀਮੇਟ ਮੁਫਤ ਦਿਤਾ ਜਾਂਦਾ ਹੈ।

ਅਸੀਂ ਨਵੇਂ ਤੇ ਪੁਰਾਣੇ ਘਰਾਂ ਦੀ ਪਲੰਬਿੰਗ ਅਤੇ ਬਿਜਲੀ ਦਾ ਤਸੱਲੀਬਖਸ਼ ਕੰਮ ਕਰਦੇ ਹਾਂ

**BHANDAL DRYWALL LTD.**

3397 Kingsway, Vancouver, B.C.

**Ph. 430-5011**

Vice President
**Karnail S. Bhandal**



President
**Jarnail S. Bhandal** M.A.

# ਵੱਖ ਵੱਖ ਵਾਰਦਾਤਾਂ 'ਚ 3 ਹਲਾਕ - 2 ਫੱਟੜ

ਚੰਡੀਗੜ੍ਹ — ਪੰਜਾਬ ਵਿਚ ਵਾਪਰੀਆਂ ਹਿਸਕ ਵਾਰਦਾਤਾਂ ਦੌਰਾਨ ਦੋ ਵਿਅਕਤੀ ਮਾਰੇ ਗਏ ਜਦ ਕਿ ਦੋ ਹੋਰ ਫੱਟੜ ਹੋਏ। ਅਣਪਛਾਤੇ ਸ਼ੱਕੀ ਬੰਦੇ ਵਾਰਦਾਤਾਂ ਕਰਨ ਪਿਛੋਂ ਫਰਾਰ ਹੋਣ ਵਿਚ ਸਫਲ ਹੋ ਗਏ। ਦੂਜੇ ਪਾਸੇ ਪੁਲਸ ਅਤੇ ਨੀਮ ਫੌਜੀ ਦਲਾਂ ਨੇ 14 ਹੋਰ ਸ਼ੱਕੀ ਵਿਅਕਤੀ ਫੜਨ ਦਾ ਦਾਅਵਾ ਕੀਤਾ ਹੈ। ਜ਼ਿਲਾ ਬਠਿੰਡਾ ਵਿਚ ਨਥਾਣਾ ਨੇੜੇ ਇਕ ਬੈਂਕ ਲੁਟੇ ਜਾਣ ਦਾ ਸਮਾਚਾਰ ਹੈ। ਜਗਰਾਓਂ ਨੇੜੇ ਇਕ ਵਿਅਕਤੀ ਤੋਂ 800 ਰੁਪੈ ਅਤੇ ਇਕ ਹੋਰ ਥਾਂ ਤੇ ਇਕ ਸਕੂਟਰ ਖੋਹੇ ਜਾਣ ਦੀਆਂ ਖਬਰਾਂ ਮਿਲੀਆਂ ਹਨ।

## ਪਤੀ ਪਤਨੀ ਦਾ ਕਤਲ

ਫਿਰੋਜ਼ਪੁਰ ਦੇ ਨੇੜੇ ਇਕ ਪਿੰਡ ਵਿਚ ਕੁਝ ਸ਼ੱਕੀ ਬੰਦਿਆਂ ਨੇ ਦੋ ਵਿਅਕਤੀਆਂ ਨੂੰ ਕਤਲ ਕਰ ਦਿਤਾ ਅਤੇ ਫਰਾਰ ਹੋ ਗਏ। ਕਤਲ ਹੋਏ ਵਿਅਕਤੀ ਦੋਨੋ ਪਤੀ ਪਤਨੀ ਦੱਸੇ ਜਾਂਦੇ ਹਨ। ਦੋਨਾਂ ਨੂੰ ਤੇਜ਼ਧਾਰ ਹਥਿਆਰਾਂ ਨਾਲ ਕਤਲ ਕੀਤਾ ਗਿਆ। ਪ੍ਰਾਪਤ ਸੂਚਨਾ ਅਨੁਸਾਰ ਉਕਤ ਦੋਨੋਂ ਮ੍ਰਿਤਕ ਪਤੀ-ਪਤਨੀ ਇਕ ਧਾਰਮਿਕ ਅਸਥਾਨ ਦੇ ਸੇਵਾਦਾਰ ਦੱਸੇ ਜਾਂਦੇ ਹਨ ਅਤੇ ਜਦੋਂ ਉਹ ਰਾਤ ਨੂੰ ਆਪਣੇ ਕਮਰੇ ਵਿਚ ਸੁੱਤੇ ਹੋਏ ਸਨ ਤਾਂ ਕਿਸੇ ਨੇ ਦਰਵਾਜ਼ਾ ਖੜਕਾਇਆ ਅਤੇ ਜਦ ਦਰਵਾਜ਼ਾ ਖੋਲ੍ਹਿਆ ਗਿਆ ਤਾਂ ਕਥਿਤ ਹਮਲਾਵਰਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਨ੍ਹਾਂ ਨੂੰ ਕਤਲ ਕਰ ਦਿਤਾ ਤੇ ਹਨੇਰੇ ਦਾ ਲਾਭ ਉਠਾਉਂਦੇ ਹੋਏ ਫਰਾਰ ਹੋ ਗਏ। ਮ੍ਰਿਤਕਾਂ ਦੇ ਨਾਵਾਂ ਬਾਰੇ ਅਜੇ ਤੱਕ ਪਤਾ ਨਹੀਂ ਲੱਗਿਆ। ਪੁਲਸ ਨੇ ਮੌਕੇ ਤੇ ਪੁਜ ਕੇ ਸਾਰੀ ਸਥਿਤੀ ਦਾ ਜਾਇਜ਼ਾ ਲਿਆ ਤੇ ਕਾਤਲਾਂ ਦੀ ਤਲਾਸ਼ ਸ਼ੁਰੂ ਕਰ ਦਿਤੀ।

## ਪਟਰੌਲ ਪੰਪ ਲੁੱਟ ਲਿਆ

ਲੁਧਿਆਣਾ ਤੋਂ ਮਿਲੀ ਸੂਚਨਾ ਅਨੁਸਾਰ ਤਿੰਨ ਹਥਿਆਰਬੰਦ ਨੌਜਵਾਨਾਂ ਨੇ ਪਿਸਤੌਲ ਦੀ ਨੋਕ ਤੇ ਰਾਏਕੋਟ ਦੇ ਨੇੜੇ ਇਕ ਪਟਰੋਲ ਪੰਪ ਤੋਂ 14 ਹਜ਼ਾਰ ਰੁਪਏ ਤੋਂ ਜ਼ਿਆਦਾ ਰਕਮ ਖੋਹ ਲਈ ਅਤੇ ਫਰਾਰ ਹੋ ਗਏ। ਪੁਲਸ ਅਨੁਸਾਰ ਲੁਟੇਰੇ ਸਕੂਟਰ ਤੇ ਸਵਾਰ ਸਨ। ਇਸ ਦੌਰਾਨ ਸਥਾਨਕ ਲੱਕੜ ਬਾਜ਼ਾਰ ਵਿਚੋਂ ਬੀਤੀ ਰਾਤ ਇਕ ਕਾਰ ਚੋਰੀ ਹੋਣ ਦੀ ਸੂਚਨਾ ਹੈ।

## ਸ਼ੱਕੀ ਬੰਦੇ ਫੜੇ ਗਏ

ਬਠਿੰਡਾ ਜ਼ਿਲਾ ਪੁਲਸ ਨੇ ਇਥੋਂ ਚਾਰ ਕਿਲੋਮੀਟਰ ਦੂਰ ਬੀਰ ਤਾਲਾਬ ਪਿੰਡ ਵਿਖੇ ਦੋ ਸ਼ੱਕੀ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ। ਉਹ ਟੀ-ਸਟਾਲ ਦੇ ਇਕ ਮਾਲਕ ਨੂੰ ਪਿਸਤੌਲ ਦੀ ਨੋਕ ਤੇ ਲੁੱਟਣ ਦੀ ਯੋਜਨਾ ਬਣਾ ਰਹੇ ਸਨ ਕਿ ਫੜ ਲਏ ਗਏ। ਪੁਲਸ ਨੇ ਉਨ੍ਹਾਂ ਪਾਸੋਂ ਦੋ ਪਿਸਤੌਲ ਅਤੇ ਕਈ ਕਾਰਆਮਦ ਕਾਰਤੂਸ ਬਰਾਮਦ ਕੀਤੇ।

## ਅਧਿਆਪਕ ਨੂੰ ਗੋਲੀ ਮਾਰੀ

ਹੁਸ਼ਿਆਰਪੁਰ ਤੋਂ ਪੰਦਰਾਂ ਕਿਲੋਮੀਟਰ ਦੂਰ ਪਿੰਡ ਖਾਨਪੁਰ ਨੇੜੇ ਦੋ ਬੰਦਿਆਂ ਨੇ ਪਿੰਡ ਮੇਘੋਵਾਲ ਦੇ ਇਕ ਸਕੂਲ ਅਧਿਆਪਕ ਨੂੰ ਗੋਲੀ ਮਾਰ ਦਿਤੀ ਜਿਸ ਕਾਰਨ ਉਹ ਫੱਟੜ ਹੋ ਗਿਆ। ਗੋਲੀ ਖੱਬੇ ਮੋਢੇ ਵਿਚ ਲੱਗੀ ਹੈ। ਦੱਸਿਆ ਗਿਆ ਹੈ ਕਿ ਧਰਮਪਾਲਅਜੜਾਮ ਦੇ ਸਕੂਲ ਵਿਚ ਪੜ੍ਹਾਉਣ ਮਗਰੋਂ ਸਕੂਟਰ ਤੇ ਆਪਣੇ ਪਿੰਡ ਪਰਤ ਰਿਹਾ ਸੀ ਕਿ ਖਾਨਪੁਰ ਨੇੜੇ ਦੋ ਬੰਦਿਆਂ ਨੇ ਉਸ ਨੂੰ ਚਾਕੂ ਦਿਖਾਕੇ ਰੋਕਣ ਦਾ ਯਤਨ ਕੀਤਾ ਪਰ ਉਹ ਨਾ ਰੁਕਿਆ ਤਾਂ ਪਿਛੋਂ ਹਮਲਾਵਰਾਂ ਨੇ ਗੋਲੀ ਚਲਾਕੇ ਉਸ ਨੂੰ ਫੱਟੜ ਕਰ ਦਿੱਤਾ। ਇਸੇ ਦੌਰਾਨ ਪੁਲਸ ਨੇ ਬਸੀ ਬਾਹੀਆਂ ਦੇ ਇਕ ਵਿਅਕਤੀ ਬਲਬੀਰ ਸਿੰਘ ਨੂੰ ਗ੍ਰਿਫਤਾਰ ਕਰਕੇ ਉਸ ਤੋਂ ਜਰਮਨ ਸਾਖਤ ਦਾ ਰਿਵਾਲਵਰ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ।

## ਜ਼ਿਲਾ ਗੁਰਦਾਸਪੁਰ 'ਚ ਕਈ ਫੜੇ

ਪੀ ਟੀ ਆਈ ਦੀ ਸੂਚਨਾ ਅਨੁਸਾਰ ਨੀਮ ਫੌਜੀ ਦਲਾਂ ਅਤੇ ਪੁਲਸ ਨੇ ਜ਼ਿਲਾ ਗੁਰਦਾਸਪੁਰ ਵਿਚ ਵੱਖ ਵੱਖ ਥਾਵਾਂ ਤੋਂ ਗਿਆਰਾਂ ਸ਼ੱਕੀ ਬੰਦਿਆਂ ਨੂੰ ਗ੍ਰਿਫਤਾਰ ਕੀਤਾ ਹੈ। ਜ਼ਿਲਾ ਪੁਲਸ ਮੁਖੀ ਸ੍ਰੀ ਜੇ ਪੀ ਬਿਰਦੀ ਨੇ ਦੱਸਿਆ ਕਿ ਪੁਲਸ ਨੇ ਬਟਾਲਾ ਤੋਂ ਸੁਰਜੀਤ ਸਿੰਘ, ਕਿਰਪਾਲ ਸਿੰਘ, ਗੁਰਬਚਨ ਸਿੰਘ ਅਤੇ ਭੁਪਿੰਦਰ ਸਿੰਘ ਨੂੰ ਅਤੇ ਸ੍ਰੀ ਹਰਿਗੋਬਿੰਦਪੁਰ ਤੋਂ ਪਰਮਜੀਤ ਸਿੰਘ ਨੂੰ ਗ੍ਰਿਫਤਾਰ ਕੀਤਾ। ਉਸ ਨੇ ਬਟਾਲਾ ਨੇੜੇ ਇਕ ਬੱਸ ਵਿਚ ਸਫਰ ਕਰਦੇ ਤਰਸੇਮ ਸਿੰਘ ਅਤੇ ਮਲਕ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਉਹਨਾਂ ਪਾਸੋਂ ਤੀਹ ਬੋਰ ਦਾ ਪਿਸਤੌਲ ਅਤੇ 22 ਕਾਰਤੂਸ ਬਰਾਮਦ ਕੀਤੇ ਗਏ। ਇਸ ਦੌਰਾਨ ਨੀਮ-ਫੌਜੀ ਫੋਰਸ ਨੇ ਦਿਆਲਗੜ੍ਹ ਪਿੰਡ ਵਿਚ ਛਾਪਾ ਮਾਰਕੇ ਚਾਰ ਸ਼ੱਕੀ ਬੰਦਿਆਂ ਨੂੰ ਗ੍ਰਿਫਤਾਰ ਕੀਤਾ ਜਿਨ੍ਹਾਂ ਦੇ ਨਾਂਅ ਬਲਜੀਤ ਸਿੰਘ, ਪ੍ਰੀਤਮ ਸਿੰਘ, ਕੈਲਾਸ਼ ਸਿੰਘ ਅਤੇ ਹਰਬੰਸ ਸਿੰਘ ਦੱਸੇ ਗਏ ਹਨ।

## ਬੈਂਕ ਦਾ ਗਾਰਡ ਹਲਾਕ

ਪਾਇਲ ਤੋਂ ਤਿੰਨ ਵਿਅਕਤੀਆਂ ਨੇ ਇਕ ਟੈਕਸੀ ਕਿਰਾਏ ਤੇ ਲਈ ਅਤੇ ਖੰਨਾ ਵੱਲ ਜਾਣ ਲਈ ਕਿਹਾ। ਪਰ ਪਿੰਡ ਦਾਊਮਾਜਰਾ ਕੋਲ ਉਹਨਾ ਪਿਸਤੌਲ ਦਿਖਾ ਕੇ ਟੈਕਸੀ ਡਰਾਈਵਰ ਨੂੰ ਉਤਾਰ ਦਿਤਾ ਅਤੇ ਟੈਕਸੀ ਲੈ ਕੇ ਭੱਜ ਗਏ। ਮੰਡੀ ਗੋਬਿੰਦਗੜ੍ਹ ਪੁਜ ਕੇ ਉਹਨਾਂ ਸਟੇਟ ਬੈਂਕ ਆਫ ਪਟਿਆਲਾ ਤੇ ਡਾਕਾ ਮਾਰਨ ਦਾ ਅਸਫਲ ਯਤਨ ਕੀਤਾ ਅਤੇ ਬੈਂਕ ਦੇ ਗਾਰਡ ਨੂੰ ਗੋਲੀ ਮਾਰ ਕੇ ਹਲਾਕ ਕਰ ਦਿੱਤਾ। ਪਿਛੋਂ ਇਹ ਟੈਕਸੀ ਖੁਮਾਣੋਂ ਨੇੜੇ ਚਿੜੀ ਪਿੰਡ ਵਿਚ ਇਕ ਟਿਊਬਵੈਲ ਪਾਸੋਂ ਮਿਲੀ।

# ਅਸੀਂ ਕਾਹਦੇ ਚੇਅਰਮੈਨ ....

ਬਰਨਾਲਾ — ਪੰਜਾਬ ਦੇ ਬੋਰਡਾਂ ਤੇ ਕਾਰਪੋਰੇਸ਼ਨਾਂ ਦੇ ਨਵੇਂ ਨਿਯੁਕਤ ਕੀਤੇ ਚੇਅਰਮੈਨਾਂ ਵਿਚ ਇਸ ਸਥਿਤੀ ਨੇ ਨਿਰਾਸ਼ਤਾ ਪੈਦਾ ਕੀਤੀ ਹੈ ਕਿ ਸਰਕਾਰ ਨੇ ਉਨ੍ਹਾਂ ਨੂੰ ਅਧਿਕਾਰ ਦੇਣ ਲਈ ਕੋਈ ਕਦਮ ਨਹੀਂ ਲਿਆ। ਸਿਟੇ ਵਜੋਂ ਅਫਸਰ ਪਹਿਲਾਂ ਦੀ ਤਰ੍ਹਾਂ ਮਨਮਾਨੀਆਂ ਕਰ ਰਹੇ ਹਨ। ਕੁਝ ਕੇਸਾਂ ਵਿਚ ਬਦਲੀ ਜਿਹੇ ਮਾਮੂਲੀ ਕੰਮ ਵੀ ਚੇਅਰਮੈਨ ਨਹੀਂ ਕਰਵਾ ਸਕੇ। ਪਤਾ ਲੱਗਿਆ ਹੈ ਕਿ ਬੋਰਡਾਂ ਤੇ ਕਾਰਪੋਰੇਸ਼ਨਾਂ ਦੇ ਚੇਅਰਮੈਨ, ਜਿਨ੍ਹਾਂ ਵਿਚੋਂ ਕਈ ਵਿਧਾਇਕ ਵੀ ਹਨ, ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੂੰ ਇਸ ਬਾਰੇ ਦੋ-ਤਿੰਨ ਵਾਰ ਵੱਖ ਵੱਖ ਤੇ ਇਕ ਵਾਰ ਇਕੱਠੇ ਵੀ ਮਿਲ ਚੁਕੇ ਹਨ। ਉਨ੍ਹਾਂ ਨੇ ਬੋਰਡਾਂ ਤੇ ਕਾਰਪੋਰੇਸ਼ਨਾਂ ਵਿਚ ਪਹਿਲਾਂ ਦੇ ਨਿਯੁਕਤ ਕੁਝ ਅਫਸਰ ਬਦਲਣ ਅਤੇ ਚੇਅਰਮੈਨਾਂ ਨੂੰ ਅਧਿਕਾਰ ਦੇਣ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਨੇ ਹਰ ਵਾਰ 'ਹਾਂ' ਕਹੀ ਹੈ, ਪਰ ਅਜੇ ਤਕ ਕੋਈ ਕਾਰਵਾਈ ਨਹੀਂ ਹੋਈ। ਇਸ ਸਥਿਤੀ ਕਾਰਨ ਕਈ ਚੇਅਰਮੈਨ ਆਪਸੀ ਗੱਲਬਾਤ ਵਿਚ ਕਹਿੰਦੇ ਹਨ ਕਿ "ਸਾਨੂੰ ਤਾਂ ਚੇਅਰਮੈਨ ਨਾ ਹੀ ਸਮਝੋ।"

ਅਕਾਲੀ ਵਰਕਰਾਂ ਵਿਚ ਇਹ ਆਮ ਚਰਚਾ ਹੈ ਕਿ ਸ੍ਰੀ ਬਰਨਾਲਾ ਆਪਣੇ ਵਰਕਰਾਂ ਦੀ ਥਾਂ ਅਫਸਰਾਂ ਉਤੇ ਵਧੇਰੇ ਟੇਕ ਰੱਖ ਰਹੇ ਹਨ ਭਾਵੇਂ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਦੀ ਕੁਰਸੀ ਉਤੇ ਅਫਸਰਾਂ ਨੇ ਨਹੀਂ ਵਰਕਰਾਂ ਦੀ ਕੁਰਬਾਨੀ ਨੇ ਪਹੁੰਚਾਇਆ ਹੈ। ਕੁਝ ਤਾਂ ਇਹ ਕਹਿੰਦੇ ਸੁਣੇ ਗਏ ਹਨ ਕਿ 'ਇਸ ਮਾਮਲੇ ਵਿਚ ਬਰਨਾਲਾ ਸਰਕਾਰ ਉਤੇ ਦਰਬਾਰਾ ਸਿੰਘ ਸਰਕਾਰ ਦਾ ਹੀ ਸਾਇਆ ਹੈ।' ਵਰਨਣਯੋਗ ਹੈ ਕਿ ਸ੍ਰੀ ਦਰਬਾਰਾ ਸਿੰਘ ਨੇ ਵੀ ਆਪਣੇ ਰਾਜ ਕਾਲ ਦੌਰਾਨ ਕਾਂਗਰਸੀ ਵਰਕਰਾਂ ਨੂੰ ਨਜ਼ਰਅੰਦਾਜ਼ ਕੀਤਾ ਸੀ।

# ਬਾਦਲ ਦਾ ਕੋਈ ਅਹੁਦਾ ਨਾ ਲੈਣ ਦਾ ਬਿਆਨ ਗਲਤ ਸਾਬਤ — ਜ਼ੀਰਾ

ਫਿਰੋਜ਼ਪੁਰ — ਹਾਊਸਿੰਗ ਸ਼ਹਿਰੀ ਵਿਭਾਗ ਅਤੇ ਸਿਚਾਈ ਮੰਤਰੀ ਸ: ਹਰੀ ਸਿੰਘ ਜ਼ੀਰਾ ਨੇ ਸ: ਪ੍ਰਕਾਸ਼ ਸਿੰਘ ਬਾਦਲ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਅਪੀਲ ਕੀਤੀ ਹੈ ਕਿ ਉਹ ਬਰਨਾਲਾ ਸਰਕਾਰ ਡੇਗਣ ਅਤੇ ਪੰਥ ਨੂੰ ਦੋਫਾੜ ਕਰਕੇ ਖਾਲਸਾ ਪੰਥ ਦੇ ਗਦਾਰ ਨਾ ਬਣਨ। ਉਹਨਾਂ ਕਿਹਾ ਕਿ ਪੰਜਾਬ ਦਾ ਮਾਹੌਲ ਵਿਗਾੜਨ ਲਈ ਸ: ਬਾਦਲ ਅਤੇ ਸ: ਦਰਬਾਰਾ ਸਿੰਘ ਦੀਆਂ ਸਰਕਾਰਾਂ ਜ਼ੁੰਮੇਵਾਰ ਹਨ। ਉਹਨਾਂ ਕਿਹਾ ਕਿ ਸ: ਬਾਦਲ ਵਲੋਂ ਥੋੜੇ ਦਿਨ ਪਹਿਲਾਂ ਦਿਤਾ ਗਿਆ ਇਹ ਬਿਆਨ ਕਿ ਮੈਂ ਕੋਈ ਅਹੁਦਾ ਹਾਸਲ ਨਹੀਂ ਕਰਾਂਗਾ, ਗਲਤ ਸਾਬਤ ਹੋਇਆ। ਉਹਨਾਂ ਕਿਹਾ ਕਿ ਜੇਕਰ ਇਹ ਗਲ ਸੀ ਤਾਂ ਫੇਰ ਸ: ਬਾਦਲ ਆਪ ਪ੍ਰਧਾਨ ਕਿਵੇਂ ਬਣੇ ? ਸ: ਹਰੀ ਸਿੰਘ ਨੇ ਦੋਸ਼ ਲਾਇਆ ਕਿ ਮੁਖ ਮੰਤਰੀ ਬਣਨ ਲਈ ਸ: ਬਾਦਲ ਨੇ ਕੈਪਟਨ ਅਮਰਿੰਦਰ ਸਿੰਘ ਅਤੇ ਰਵੀਇੰਦਰ ਸਿੰਘ ਨੂੰ ਕੇਂਦਰ ਸਰਕਾਰ ਪਾਸ ਦਿੱਲੀ ਭੇਜਿਆ ਹੋਇਆ ਹੈ ਅਤੇ ਇਹ ਨਾਰਾਜ਼ ਲੀਡਰ ਹੀ ਕੇਂਦਰ ਪਾਸ ਪੰਜਾਬ ਸਮਝੌਤਾ ਰੱਦ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ। ਉਹਨਾਂ ਅਗੇ ਕਿਹਾ ਕਿ ਸ: ਬਾਦਲ ਅਤੇ ਸ: ਟੌਹੜਾ ਕੁਰਸੀ ਬਗੈਰ ਨਹੀਂ ਰਹਿ ਸਕਦੇ। ਉਹਨਾਂ ਦੋਸ਼ ਲਗਾਇਆ ਕਿ ਇਹਨਾਂ ਨੇਤਾਵਾਂ ਨੇ ਪਹਿਲਾਂ ਹੀ ਪੰਜਾਬ ਅਤੇ ਸਿੱਖ ਕੌਮ ਦਾ ਭਾਰੀ ਨੁਕਸਾਨ ਕੀਤਾ ਹੈ ਜੋ ਜਲਦੀ ਪੂਰਾ ਨਹੀਂ ਕੀਤਾ ਜਾ ਸਕਦਾ।

## ਕੈਨੇਡਾ ਦਰਪਣ ਦੇ ਪਾਠਕਾਂ ਅਤੇ ਵਪਾਰੀ ਵੀਰਾਂ ਲਈ

'ਕੈਨੇਡਾ ਦਰਪਣ' ਦੇ ਦਫ਼ਤਰ ਦਾ ਸਮਾਂ :
ਸੋਮਵਾਰ ਤੋਂ ਸ਼ੁਕਰਵਾਰ — 10 ਵਜੇ ਤੋਂ 5 ਵਜੇ ਸ਼ਾਮ

ਫੋਨ : 581-4473

## 'ਸੁਪਨਾ ਪੂਰਾ ਨਹੀਂ ਹੋਵੇਗਾ'

ਬਲਾਚੌਰ — ਸ਼ਰੋਮਣੀ ਕਮੇਟੀ ਦੇ ਪ੍ਰਧਾਨ ਸ: ਕਾਬਲ ਸਿੰਘ ਨੇ ਇਥੋਂ ਨੇੜੇ ਪਿੰਡ ਗਹੂਲ ਵਿਚ ਆਯੋਜਿਤ ਇਕ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ 'ਖਾਲਿਸਤਾਨੀਆਂ' ਦਾ ਸੁਪਨਾ ਪੂਰਾ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਲਾਲਡੇਂਗਾ ਵੱਖਰੇ ਮੀਜ਼ੋ ਲਈ 22 ਸਾਲ ਹਿੰਸਕ ਸੰਘਰਸ਼ ਕਰਦਾ ਰਿਹਾ ਪਰ ਅੰਤ ਉਸ ਨੂੰ ਵੀ ਭਾਰਤ ਸਰਕਾਰ ਨਾਲ ਸਮਝੌਤਾ ਕਰਨਾ ਪਿਆ। ਉਨ੍ਹਾਂ 'ਖਾਲਿਸਤਾਨ' ਪੱਖੀ ਸਮਰਥਕਾਂ ਨੂੰ ਹੋਸ਼ ਤੋਂ ਕੰਮ ਲੈਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਅਜਿਹੇ ਅਨਸਰਾਂ ਦੀਆਂ ਹਰਕਤਾਂ ਦਾ ਪਹਿਲਾਂ ਹੀ ਸਿੱਖ ਕੌਮ ਨੂੰ ਭਾਰੀ ਖਮਿਆਜ਼ਾ ਭੁਗਤਣਾ ਪਿਆ ਹੈ।

NON-SMOKERS & SMOKERS

TOGETHER WE ARE STRONGER

NORTH AMERICAN LIFE

Permanent & Terms Plan

* Life and Group Insurance
* Retirement & Pension Plans
* Company Pension and Health Benefit Plans
* Estate Protection
* Business & Mortgage Insurance

Ph. 685-9335



SUDESH KALIA

ALLWAYS TRAVEL

IATA APPOINTED AGENCY



- For Travel Around the World
- Complete Travel Arrangements

ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਜਾਣਾ ਹੋਵੇ ਤਾਂ ਆਲਵੇਜ਼ ਟਰੈਵਲ ਤੇ ਆਓ!

ਸਾਡੇ ਕੋਲ ਟਰੈਵਲ ਦੀਆਂ ਪੂਰੀਆਂ ਸੇਵਾਵਾਂ ਹਨ

Book Your Reservation Now For SUMMER SPECIAL FARE

To INDIA, PAKISTAN, FIJI & LONDON etc.

ਗਰਮੀਆਂ ਵਿਚ ਇੰਡੀਆ, ਪਾਕਿਸਤਾਨ, ਫੀਜ਼ੀ ਜਾਂ ਲੰਡਨ ਜਾਣ ਲਈ ਸਪੈਸ਼ਲ ਕਿਰਾਏ ਲਈ ਆਪਣੀ ਬੁਕਿੰਗ ਕਰਾਓ

For more information : Ph. 875-1441

3657 Main St. (20th Ave.) Vancouver, B.C. V5V 3N6

(ਪੰਨਾ 13 ਦੀ ਬਾਕੀ)

ਇਸ ਕੋਹੜ ਨੂੰ ਵਗਾਹ ਮਾਰੋ ਤੇ ਪਿਛਲੇ ਸੱਤਰਾਂ ਸਾਲਾਂ ਤੋਂ ਹੁੰਦੀ ਖੱਬੀ ਲਹਿਰ ਨੂੰ ਖਲਵਾੜ ਹੋਣ ਤੋਂ ਬਚਾਉਣ ਦੀ ਅਤਿ ਲੋੜ ਹੈ। ਲੱਤ-ਖਿਚ ਤੇ ਚੌਧਰ ਦੀ ਭੁੱਖ ਇਨਕਲਾਬੀ ਪਾਰਟੀਆਂ ਵਿਚ ਵੀ ਪਲੇਗ ਦੀ ਤਰ੍ਹਾਂ ਫੈਲ ਚੁੱਕੀ ਹੈ। ਇਸਦੀ ਜ਼ਿੰਦਾ ਮਿਸਾਲ ਹੈ ਜੋ ਅੱਜ ਤੀਕ ਆਪਣੇ ਆਪ ਨੂੰ "ਅਸਲੀ ਇਨਕਲਾਬੀ" ਕਹਾਉਂਦੇ ਆਏ ਹਨ ਤੇ ਉਹ ਇਥੋਂ ਤੀਕ ਨਿਘਰ ਚੁੱਕੇ ਹਨ ਤੇ ਉਨ੍ਹਾਂ ਨੂੰ ਹਰ ਪਾਸਿਉਂ ਫਿਟਕਾਰਾਂ ਪੈ ਰਹੀਆਂ ਹਨ। ਇਹੀ ਵੱਡਾ ਕਾਰਨ ਹੈ ਅਜੋਕੀ ਪੰਜਾਬ ਦੀ ਜਨੂੰਨੀ ਅੱਗ ਨੂੰ ਠੰਡਾ ਕਰਨ ਵਿਚ ਪੂਰਾ ਯੋਗਦਾਨ ਨਹੀਂ ਪਾਇਆ ਜਾ ਰਿਹਾ। ਆਸਾਨੂੰ ਦੁੱਖ ਹੈ "ਅਸਲੀ ਇਨਕਲਾਬੀ" ਤੇ "ਅਗਾਂਹ ਵਧੂ ਸਾਹਿਤਕਾਰ" ਅੱਜ ਅਕਾਲੀਆਂ ਦੀਆਂ ਸਟੇਜਾਂ ਤੇ ਬੋਲਦੇ ਨਜ਼ਰੀਂ ਪੈ ਰਹੇ ਹਨ। ਇਸ ਦੀ ਜ਼ਿੰਦਾ ਮਿਸਾਲ ਹੈ, ਅਜੋਕਾ ਪੰਜਾਬ ਦਾ ਨੌਜਵਾਨ ਜਨੂੰਨੀ ਅੱਗ ਵਿਚ ਲੱਥ ਪੱਥ ਹੋਇਆ ਪਿਆ ਹੈ। ਹਿੰਦੂ ਸਿੱਖਾਂ ਦੇ ਬੈਨਰ ਹੀ ਵੱਖਰੇ ਹਨ ਤੇ ਕਰਤੂਤਾਂ ਵਾਲੇ ਕਿਰਦਾਰ ਵਿਚ ਉਹ ਭਾਈ ਭਾਈ ਹੀ ਹਨ। ਤੇ ਨੌਜਵਾਨਾਂ ਨੂੰ ਸਹੀ ਸੇਧ ਦੇਣ ਵਿਚ ਖੱਬੀਆਂ ਪਾਰਟੀਆਂ ਤੇ ਅਗਾਂਹਵਧੂ ਸਾਹਿਤਕਾਰ ਸਮੁੱਚੇ ਤੌਰ ਤੇ ਫੇਲ ਹਨ — ਹਾਲੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਤੇ ਦੂਸ਼ਨਬਾਜ਼ੀ ਵਿਚ ਹੁਣ ਸਮਾਂ ਗੁਆਉਣ ਦੀ ਬਿਲਕੁਲ ਲੋੜ ਨਹੀਂ। ਸਮਾਂ ਬਲਵਾਨ ਹੈ, ਸੁਹਿਰਦ ਤੇ ਨੇਕ-ਨੀਯਤ ਵਾਲੀ ਭਾਵਨਾ ਲੈ ਕੇ ਫਿਰ ਲੋਕਾਂ ਵਿਚ ਤਨ-ਦੇਹੀ ਨਾਲ ਜਾਇਆ ਜਾਵੇ ਤਦ ਹੀ ਅਸੀਂ ਉਸ ਮਿਸਾਲ ਦੀ ਰੌਸ਼ਨੀ ਨੂੰ ਜੀਵਤ ਰੱਖ ਸਕਦੇ ਹਾਂ, ਜਿਸਨੇ ਲੋਕ-ਹਿਤੂ ਸਮਾਜ ਦਾ ਮੂੰਹ-ਮੁਹਾਂਦਰਾ ਬਨਾਉਣਾ ਹੈ। ਸੋ ਸਾਨੂੰ ਪੰਜਾਬ ਦੇ ਲੋਕਾਂ ਨੂੰ ਸੁਚੇਤ ਕਰਨ ਦੀ ਲੋੜ ਹੈ ਕੌਮੀ-ਸ਼ਾਵਨਵਾਦ ਤੋਂ, ਉਹ ਕਿਸੇ ਵੀ ਮਖੌਟੇ ਵਿਚ ਆ ਕੇ ਲੋਕਾਂ ਦਾ ਘਾਣ ਕਰਨ ਤੋਂ ਗੁਰੇਜ਼ ਨਹੀਂ ਕਰੇਗਾ।

ਪੰਜਾਬੀਓ ! ਆਉ ਹੰਭਲਾ ਮਾਰੀਏ ਤੇ ਹੱਸਦੇ ਗਾਉਂਦੇ ਪੰਜਾਬ ਨੂੰ ਮੁੜ ਸੁਰਜੀਤ ਕਰੀਏ। ਇਹ ਤਦ ਹੀ ਹੋ ਸਕਦਾ ਹੈ, ਜਦੋਂ ਅਸੀਂ ਇਕ ਦੂਸਰੇ ਦੇ ਜਜ਼ਬਾਤਾਂ ਦੀ ਕਦਰ ਉਸਾਰੂ ਢੰਗ ਨਾਲ ਕਰਾਂਗੇ। ਇਸ ਤੋਂ ਉਪਰੰਤ ਦ੍ਰਿੜ ਹੋ ਕੇ ਪਹਿਚਾਣੇ-ਦੁਸ਼ਮਣਾਂ ਦੇ ਮੂੰਹਾਂ ਤੇ ਥੁੱਕੀਏ ਤੇ ਉਨ੍ਹਾਂ ਨੂੰ ਸਭ ਲੋਕਾਂ ਵਿਚ ਉਨ੍ਹਾਂ ਦੇ ਕਿਰਦਾਰ ਨੂੰ ਨੰਗਾ ਕਰੀਏ ਜਿਨ੍ਹਾਂ ਨੇ ਜ਼ਹਿਰ ਭਰੇ ਵਾਤਾਵਰਣ ਨੂੰ ਜਨਮ ਦਿਤਾ ਸਦਭਾਵਨਾ ਵਾਲੀ ਮਿਸ਼ਾਲ ਵਿਚ ਪਿਆਰ ਦੇ ਤਿਲ ਸੁੱਟਕੇ ਉਸਦੀ ਭਰੱਪੇਪਨ ਦੀ ਰੌਸ਼ਨੀ ਨੂੰ ਸਦਾ ਲਈ ਜੀਵਤ ਰੱਖੀਏ। ਇਹ ਤਦ ਹੀ ਹੋ ਸਕਦਾ ਹੈ ਜੇ ਅਸੀਂ ਹਿੰਦੂ-ਸਿੱਖ ਤੋਂ ਉਪਰ ਇਨਸਾਨੀ ਪਹਿਰਾਵੇ ਵਿਚ ਆ ਕੇ ਪੂਰੀ ਸੁਹਿਰਦਤਾ ਨਾਲ ਇਸ ਬੀੜੇ ਨੂੰ ਚੁੱਕਕੇ ਤੁਰਦੇ ਰਹਾਂਗੇ। ਇਹ ਅਸਾਡੇ ਸਾਹਮਣੇ ਹੁਣ ਬਹੁਤ ਵੱਡੀ ਵੰਗਾਰ ਹੈ, ਚਨੌਤੀ ਹੈ ਤੇ ਇਸ ਨੂੰ ਖਿੜੇ ਮੱਥੇ ਕਬੂਲ ਕਰਨਾ ਚਾਹੀਦਾ ਹੈ।

## ਰਾਜਪਾਲ ਰੇਅ ਦਾ ਹੜ੍ਹ ਖੇਤਰਾਂ ਦਾ ਦੌਰਾ

ਅੰਮ੍ਰਿਤਸਰ — ਪੰਜਾਬ ਦੇ ਰਾਜਪਾਲ ਸ੍ਰੀ ਰੇਅ ਜ਼ਿਲਾ ਫਰੀਦਕੋਟ ਦੇ ਮੁਕਤਸਰ, ਸਾਦਿਕ ਅਤੇ ਜ਼ਿਲਾ ਫਿਰੋਜ਼ਪੁਰ ਦੇ ਹੜ੍ਹ ਮਾਰੇ ਖੇਤਰਾਂ ਦਾ 17 ਜੁਲਾਈ ਨੂੰ ਦੌਰਾ ਕੀਤਾ।

## ਤਿੰਨ ਗ਼ਜ਼ਲਾਂ

### ਹਰਭਜਨ ਸਿੰਘ ਹੁੰਦਲ

ਤਾਰੇ ਤੋੜਦੇ ਨੇ ਕਿਹੜੇ ਨਿਰੇ ਨਾਹਰਿਆਂ ਦੇ ਨਾਲ
ਕੌਣ ਗੀਤ ਨੂੰ ਸਜਾਉਂਦੇ ਨੇ ਸਿਤਾਰਿਆਂ ਦੇ ਨਾਲ।

ਉਹਨੂੰ ਸਿੱਕਿਆਂ ਦੀ ਤਾਂਘ ਨੇ ਮਧੋਲ ਸੁਟਿਆ
ਗੱਲਾਂ ਕਰਦਾ ਸੀ ਹੁੰਦਾ ਜੋ ਅੰਗਾਰਿਆਂ ਦੇ ਨਾਲ।

ਜਿਹਦੀ ਅੱਖ ਵਿਚ ਉੱਸਰੇ ਨੇ ਪਰੀ ਦੇ ਮਹੱਲ
ਕਦੋਂ ਅੱਖ ਹੈ ਮਿਲਾਉਂਦਾ ਭਲਾ ਢਾਰਿਆਂ ਦੇ ਨਾਲ।

ਕਿਹੜੀ ਗੱਲ ਉੱਤੇ ਆਪਣਾ ਈਮਾਨ ਵੇਚਦੇ
ਕਿਹੜੀ ਗੱਲ ਤੋਂ ਵਿਗਾੜਦਾ ਏਂ ਸਾਰਿਆਂ ਦੇ ਨਾਲ।

ਪਤਾ ਲੱਗਣਾ ਸੀ ਖ਼ੂਨ ਹੁੰਦਾ ਕਿਹੜੇ ਰੰਗ ਦਾ
ਰਲ ਜੂਝਦੋਂ ਜੇ ਮਿੱਤਰਾਂ ਪਿਆਰਿਆਂ ਦੇ ਨਾਲ।



### ਜਸਬੀਰ ਸਿੰਘ ਜੱਸ



ਕੈਸੇ ਰੰਗ ਵਿਖਾਏ ਕੁਰਸੀ।
ਕਿੰਨੇ ਕਹਿਰ ਕਮਾਏ ਕੁਰਸੀ।

ਭਾਈਆਂ ਨੂੰ ਲੜਵਾਏ ਕੁਰਸੀ,
ਨਫ਼ਰਤ-ਅੱਗ ਮਚਾਏ ਕੁਰਸੀ।

ਇਹ ਹੈ ਹਰ ਇਕ ਦੀ ਮਹਿਬੂਬਾ,
ਹਰ ਕੋਈ ਸਦਕੇ ਜਾਏ ਕੁਰਸੀ।

ਇਸ ਖ਼ਾਤਰ ਕੁਰਬਾਨ ਹੈ ਨੇਤਾ,
ਜੇ ਨਜ਼ਰੀਂ ਚੜ੍ਹ ਜਾਏ ਕੁਰਸੀ।

ਭੱਠ-ਪਵੇ ਜਨਤਾ-ਤੇ ਜੰਨਤ,
ਜੋ ਕਿਰਪਾ ਫ਼ੁਰਮਾਏ ਕੁਰਸੀ।

ਲੋਥਾਂ ਤੇ ਚੜ੍ਹ ਖ਼ੁਸ਼ੀਆਂ ਕਰਦੀ,
ਰੱਤ ਦੇ ਨਾਲ ਨਹਾਏ ਕੁਰਸੀ।

ਰੋਮ ਸੜੇ ਤਾਂ ਸੜਦਾ ਜਾਵੇ,
ਨੀਰੂ ਰਾਗ ਸੁਣਾਏ ਕੁਰਸੀ।

ਰੱਬ ਕਰਕੇ ਮਰ ਜਾਏ ਕੁਰਸੀ।
ਹਾਏ ਹਾਏ ਹਾਏ ਕੁਰਸੀ।

### ਦੀਪਕ ਜੈਤੋਈ

ਮੁਹੱਬਤ-ਕਿੰਨੀ ਗੂੜ੍ਹੀ ਸੀ-ਦਿਲਾਂ ਵਿਚ ਕੁਝ ਸਮਾਂ ਪਹਿਲਾਂ।
ਕਿ 'ਅਪਣੀ' ਜਾਨ ਪਿੱਛੋਂ ਸੀ, ਮਗਰ ਸੀ ਗੁਲਸਿਤਾਂ ਪਹਿਲਾਂ।

ਜਿਦ੍ਹਾ ਜਿੱਧਰ ਨੂੰ ਮੂੰਹ ਹੈ-ਓਧਰੇ ਉਹ ਨੱਠਿਆ ਜਾਂਦੈ
ਮਗਰ ਮੰਜ਼ਿਲ ਦੇ ਵਲ ਤੁਰਦਾ ਸੀ ਮਿਲਕੇ ਕਾਰਵਾਂ ਪਹਿਲਾਂ।

ਕਿਸੇ ਦੇ ਦਿਲ 'ਚ ਹਸਰਤ ਹੈ-ਉਹ ਦੂਜੀ ਵਾਰ ਆ ਜਾਵੇ
ਮਗਰ ਇਸ ਵਾਰ ਤਾਂ ਜਾਣਾ ਹੈ-ਸਿਰ ਵਾਰਨ ਅਸਾਂ ਪਹਿਲਾਂ।

ਕਹਾਣੀ 'ਇਹ ਨਹੀਂ' ਅੱਜ ਦੀ-ਚਿਰਾਂ ਤੋਂ ਇਹ ਰਵਾਇਤ ਹੈ
ਸੁਆਗਤ ਮੌਤ ਦਾ ਕੀਤੈ-ਹਮੇਸ਼ਾ ਆਸ਼ਿਕਾਂ ਪਹਿਲਾਂ।

ਇਨ੍ਹਾਂ ਫੁਲ ਚੋਣਿਆਂ ਨੂੰ ਫੇਰ ਪੁੱਛਾਂਗੇ ਅਸੀਂ ਯਾਰੋ !
ਹੁਣ ਇਹ ਪੁੱਛੋ ! ਕਿ ਕੀ ਕਰਦੇ ਰਹੇ ਹਨ ਬਾਗ਼ਬਾਂ ਪਹਿਲਾਂ।

ਕਿਵੇਂ ਫੁੱਲਾਂ ਤੇ ਬੀਤੀ ਕਿਸ ਤਰ੍ਹਾਂ ਕਲੀਆਂ ਤੇ ਗੁਜ਼ਰੀ ਹੈ ?
ਕਿਸੇ ਨੂੰ ਜੇ ਪਤੈ ? ਦੱਸੇ, ਚਮਨ ਦੀ ਦਾਸਤਾਂ ਪਹਿਲਾਂ।

ਤੂੰ ਰੱਜਵੇਂ ਕਹਿਕਹੇ ਮਾਰੀਂ ਫਜ਼ਾ ਅੰਦਰ ਨਝੱਕ ਹੋਕੇ
ਨ ਹੱਕੇ ਖੂਨ ਤੇ ਅਥਰੂ ਤੇ ਸੁਟ ਐ ਆਸਮਾਂ ਪਹਿਲਾਂ।

ਦੁਹਾਈ ਕਾਸਤੋਂ ਹੁਣ ਪਾ ਰਹੇ ਹਨ, ਇਹ ਚਮਨ ਵਾਲੇ ?
ਇਹ ਦੱਸਣ ! ਬੰਦ ਕਿਉਂ ਰੱਖੀ ਸੀ, ਇਹਨਾਂ ਨੇ ਜ਼ੁਬਾਂ ਪਹਿਲਾਂ।

ਸਕੂਲ ਇਹ ਇਸ਼ਕ ਹੀ ਦਾ ਹੈ, ਕਿ ਜਿਸ ਦੀ ਖਾਸੀਅਤ ਹੈ ਇਹ
ਕਿ ਮਿਲਦੈ ਦਾਖਲਾ ਪਿੱਛੋਂ ਹੈ ਹੁੰਦਾ ਇਮਤਹਾਂ ਪਹਿਲਾਂ।

ਨਾ ਇਹ ਹਾਲਤ ਵਿਗੜਣੀ ਸੀ, ਨਾ ਇਹ ਮਾਹੌਲ ਬਨਣਾ ਸੀ
ਕਦਮ ਕੁਝ ਸੋਚ ਕੇ ਪੁਟਿਆ ਜੇ ਹੁੰਦਾ-ਮਾਲੀਆਂ ਪਹਿਲਾਂ।

ਤੂੰ ਕਿਉਂ ਪਿੱਟਦੈਂ ਦੁਹੱਥੀਂ ਕਿਉਂ ਜਨਾਜ਼ਾ ਇਸ਼ਕਾ ਦਾ ਕੱਢਦੈਂ ?
ਨਾ ਟੰਗਦਾ ਅਕਲ ਛਿੱਕੇ ਤੇ, ਤੂੰ ਐ ਦੀਪਕ—ਮਿਆਂ ਪਹਿਲਾਂ।


NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- R R S P

Malkiat Mutti
representative
320, 815 West Hastings St.
Vancouver, B.C. V6C 2W1

Bus. 685-9335
Res. 522-7167



BOMBAY SWEETS
& Restaurants
6556 - 6560 MAIN ST. VANCOUVER

Ph. 321-1414
874-5722

For Largest Variety in Indian Sweets
Delicious Indian food



DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

CONTACT:

PAUL'S



PLUMBING & ELECTRICAL SUPPLY
4774 Main Street, (At 32nd.)
Vancouver, B.C.

PH: 872-3118 (Supply)
872-7227 (Service)

"Free customer parking at rear" OPEN SUNDAYS



United Realty Ltd.
3879 Oak Street, Vancouver, B.C. V6H 2M6



Malkit Dhami,
M.A. (Eco.)

- BUYING
- SELLING

Free Evaluation For Your Property Call Any Time Without Any Obligation

Bus. 736-3831 or Res. 434-8548

Pager - 687-1985 #2229

Member of Prestigious M.L.S. Medallion Club For 83-84 85-86

# AMBIKA'S DISCOUNT CENTRE

9407 Scott Rd. Delta, B.C.

PH. (604) 588-5859

# AMBIKA FOODS

5125 Victoria Drive

Vancouver, B.C.

Ph. 327-0295

Sale 1st to 5th August, 1986

## ਲੌਂਗ-ਵੀਕ ਐਂਡ ਸੇਲ

| | | | | |
|---|---|---|---|---|
| Vegetable Oil<br>ਵੈਜੀਟੇਬਲ ਤੇਲ<br>WITH THIS AD 3 litre<br>$ 1.99 | Mazzola Corn Oil<br>ਮਜੌਲਾ ਮੱਕੀ ਦਾ ਤੇਲ<br>only 3 litre<br>$5.89 | Farine Roti Atta<br>10 kg.<br>ਫਰੀਨ ਰੋਟੀ ਆਟਾ<br>only<br>$4.89 | Chicken Legs (Whole)<br>ਮੁਰਗੇ ਦੀਆਂ ਲੱਤਾਂ<br>$ 1.29 lb. | Peanut<br>ਪੀਨਟ<br>89¢ lb. |
| Khaskhas<br>ਖਸਖਸ<br>$1.99 lb. | Margrine<br>ਮਾਰਜਰੀਨ<br>49¢ lb. | Mamra<br>Fulian<br>ਮਮਰਾ<br>99¢ lb. | Milk<br>ਦੁੱਧ<br>4 litre<br>$3.39 | Chicken Drumstick<br>ਚਿਕਨ ਡਰੰਮਸਟਿਕ<br>99¢ lb. |
| Long Grain Rice<br>ਲੌਂਗ ਗਰੇਨ ਚਾਵਲ<br>20 kg.<br>10.99 | B.C. Sugar<br>ਬੀ. ਸੀ. ਸ਼ੂਗਰ<br>10 KG.<br>WITH THIS AD<br>4.99 | Rooh Afza<br>Hamdard<br>ਰੂਹ ਅਫਜ਼ਾ<br>$2.99 bottle | Fresh Ginger<br>ਤਾਜ਼ਾ ਅਧਰਕ<br>89¢ lb. | Halon<br>ਹਾਲੋਂ<br>1.99 lb. |

### GRIND YOUR OWN MASALA

| | | | | |
|---|---|---|---|---|
| Jeera<br>ਜ਼ੀਰਾ<br>99¢ lb. | Dhania<br>ਧਨੀਆ<br>99¢ lb. | Methe<br>ਮੇਥੇ<br>99¢ lb. | Mirch<br>ਮਿਰਚ<br>99¢ lb. | Haldi<br>ਹਲਦੀ<br>99¢ lb. |
| Manh Whole<br>ਸਾਬਤ ਮਾਂਹ<br>37¢ lb. | Moong<br>ਮੂੰਗੀ<br>37¢ lb. | Chana Dal<br>ਛੋਲਿਆਂ ਦੀ ਦਾਲ<br>37¢ lb. | Black Chana<br>ਕਾਲੇ ਛੋਲੇ<br>29¢ lb. | Dana Dal<br>ਦਾਣਾ ਦਾਲ<br>99¢ lb. |

ਵਿਆਹ ਸ਼ਾਦੀਆਂ ਦੀ ਪਾਰਟੀ ਲਈ, ਜਨਮ ਦਿਨ ਜਾਂ ਹੋਰ ਕਿਸੇ ਕਿਸਮ ਦੀ ਪਾਰਟੀ ਲਈ ਖਾਣਾ ਬਣਾਉਣ ਲਈ ਕਿਚਨ ਕਿਰਾਏ ਤੇ ਮਿਲ ਸਕਦੀ ਹੈ — ਆਪ ਖਾਣਾ ਬਣਾਓ ਅਤੇ ਪੈਸੇ ਬਚਾਓ । ਕਿਚਨ ਵਿਚ ਖਾਣਾ ਬਣਾਉਣ ਲਈ ਮਦਦ ਵੀ ਮਿਲ ਸਕਦੀ ਹੈ ਹੋਰ ਜਾਣਕਾਰੀ ਲਈ ਫੋਨ ਕਰੋ :—

ਫੋਨ : 327-0295

Rice Flakes
ਚਿੜਵੇ
89¢ lb.

# Sikh Fundamentalism and its Support Structure

## A Brief History of Traditions

What support does fundamentalism find in Sikh tradition?

Sikh religion is relatively a very young religion. It began with Guru Nanak in the later half of the 15th century. It emphasised unity between the two existing religions of the Punjab after stripping them of empty ritualism, dogmatism and in egalitarianism that had crept in their social practices. As with so many other reform movements routinisation set in with later institutional development.

By the 17th century the movement developed into a formation of a third religious community. That century saw the institutionalisation of Sikhism in compilation of sacred writings of the gurus, founding of places of worship, assignments of persons in different areas to gather new adherents to propagate the faith and finally in 1699, Guru Gobind Singh organising baptismal (Amrit) ceremony at Anandpur Sahib, transforming the Sikhs into militant crusaders (Khalsa).

As the Sikhs grew in numbers and organisation, they earned friends and foes among ruling chieftains, pretenders, the Mughal emperors, their courtiers and contenders.

These 200 years witnessed the growth of Sikhism and its transformation from a religious sect into a military cult, though the final transformation of the Sikhs into a militant sect was accomplished by Guru Gobind Singh. After the death of Guru Gobind Singh, militant Sikhs flourished for less than a decade in central Punjab under Banda Bahadur Singh. The 18th century found the Sikhs living in adverse socio-political climate of foreign attacks and internal disunity till the emergence of Maharaja Ranjit Singh. In 1799 he established himself as the first and the last Sikh sovereign. He established a vast empire conquering Kashmir, spreading influence in Sindh and keeping the British at bay till he died. Neverthless, his rule cannot be described as a Sikh rule in theological or even communal sense of the term. Hindus and Muslims enjoyed highest position and influence with him.

Sikh traditions, like all historically evolved traditions, are marked by heterogeneity. Any reconstruction of tradition, has of necessity, to be selective idealisation, to keep it logically consistent and active in the contemporary society.

'Fundamentalism', conceived as a complex of dogmatism, separatism and terrorism, can derive very little sustenance from the Sikh traditions on any consistent basis. The trouble for the 'fundamentalists' increases more they go 'fundamental' in terms of the religious ideas propounded by the gurus. Sikhism arose with Nanak in opposition to the then prevailing dogmatic practices of Hinduism and Islam. The Holy Granth has a heterogeneous collection drawn from Sikh gurus and Bhaktas coming from both Hindus and Muslims, the case to be built for Sikh separatism on the authority of Granth Sahib is impossible except by a gross distortion of isolated excerpts and for terrorism unthinkable. The dogmas of Sikhism from Nanak through Arjun Dev to Gobind Singh are so consistently antidogmatic, opposed to all distinctions among men of caste, creed or breed and aimed at total eradication, of fear from human mind, that support for 'fundamentalism' has to be sought outside the fundamental (basic) sources of Sikh religious tradition or with the help of 'logical' interpolations.

According to Sikh tenets no body can push away anybody else from a gurdwara, wherever there is a sat sangat. Rahitnama Prem Sumarang, ascribed to Guru Gobind Singh has in its 5th injunction: If a person comes to the congregation of the Khalsa, then five Sikhs should go out to reveive him and seat him in their midst with due courtesies. Again injunction 6 of Rahitnama Bhai Desa Singh, an associate of the tenth guru, enjoins: All the religions and ways of life that are there in the world, one must not disparage any of them.

Guru Arjun Dev says: I have forgotten the concept of otherness, since I have realised 'Sat Sangat'. Now none is a stranger to me and I am in tune with all.

Guru Tegh Bahadur says:

Bhay kahun ko det nahin na bhai manat an.
Kaho Nank sun re mana giani tahey bakhan
(Oh my mind listen Nanak says that one who neither terrorises others nor gets terrorised then alone is he called learned one).

Guru Gobind in Dasam Granth says: The temple or the mosque are the same, the Hindu worship or the Muslim worship are the same, all men are the same, it is through error they appear different.

Even The Sikh Rahit Maryada, brought out by SGPC in 1950 after a thorough discussion by various bodies of the Sikhs and Sikh intellectuals for more than twelve years, requires of a Khalsa (a baptised Sikh) to maintain his distinctive ways of life, but the Khalsa should not injure the followers of other faiths.

In principle, as Sher Singh has concluded after a detailed study, the Khalsa did not belong to any party or group, nation, race or language. The traditional Sikh greetings, "Wahiguruji Ki Fateh",(Pure belongs to God; Victory to God!) envisages the Khalsa as totally submerged in All Mighty and His creation. That is why the daily prayer ends in "Nanak name charh di kala, tere bhane sarbat ka bhala" (God's name is always on the ascendency and by His will everyone would be benefited). Thus in principle the Sikhs scriptural traditions did not lend any support to dogmatism, separatism or terrorism.

## Roots in Traditions?

Does that means that 'fundamentalism', is without any roots in Sikh traditions? This is not quite true. No religion or for that matter, no group lives entirely by its declared principles. A number of half-authentic stories connected with the biographies of gurus are passed on from genration to generation through written (Janam Sakhis) and word of mouth(Kirtan in Sikh congregation). They are designed to band together the lay followers of the faith, arouse passions sometimes even against other religious communities and reinforce the desire to subdue the infidels. They are stories of valour, violence and war.

Fed by these stories, imagination can run riot and passion does have the better of reason. Guru Har Gobind took up the combined role of Miri-Piri(secular and religious headship). The slogan of Deg-Teg-Fateh(victory to shared religious life and the sword) was given. He also made the statement. "Religion cannot flourish without political rule" under conditions of extreme persecution. Guru Gobind Singh had to live under worst conditions of

(conted. at page 21)


TICKETS TO ANYWHERE

GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ । ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ ।

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (FAREEDKOT)

6612, MAIN ST. VANCOUVER, B. C.
Phone 324-3336

(conted. from page 20 )

religious suppression and developed the concept of Sant-Sipahi (Saint-Soldier). Now these can easily be expanded to occupy the entire space of Sikh traditions and be made to look as if the total tradition is to wage a war all the time and under all circumstances against adherents of other faiths and against government in which members from other religions also share power.

It is worthwhile to recall that both Har Gobind and Gobind Singh were installed Gurus at a very young age, after their fathers had been done to death on the orders of the Mughal emperors. 'Fundamentalists' misreading and context-free acccentuation of certain historical events is made effective by a statutory control of some two hundred important gurdwaras by Akalis (through SGPC along with its seven crore annual budget) and thousands of paid employees and religious preachers including the Jathedars of Akal Takht, Dam Dama Sahib and Anandpur Sahib Takhts. These Takhts can also issue judgments (Hukumnamas) on secular matters concerning the Sikhs. These religious structures can lend support to 'fundamentalist' interpretations.

It is from the secular traditions developed in later period establishment of the Sikh Misls culminating in original Dal Khalsa and Ranjit Singh's rule, that martial and violence stories lend themselves to support separatist and terrorist ideology, by relegating the religious dogmas to the background. Sikh communal leadership, in the British period, had succeeded in advancing a dubious tradition of separatism and inflated self-image of physical prowess as aginst other Indians. The building of these new traditions was well supported by the British rulers and scholars. For roots, these traditions looked adjacent to separatist tendencies in adjacent communal formations like the Muslim League, rather than in Sikhism. Two illustrations are worth quoting. They exemplify the substructure of contemporary 'fundamentalism' also, with only a change of personalities involved. Following in the wake of Muslim League separatism, Shiromani Akali Dal, led by Master Tara Singh, asked for separate electorate with weightage for Sikhs, reservation of a disproportionately high quota for army recruitment and in other government jobs, and finally through a March 22, 1946 resolution demanded a Sikh state to escape Muslim majority domination and Hindu adsorption. In his autobiography Master Tara Singh, undisputed leader of Skali Dal and SGPC for decades, regretted that through ignorance he could not materialise in the Punjab the example of Israel, where Jews a minority could convert themselves into the dominant group through legal and illegal population transfers. But then these traditions of separatism and terrorism do not go deep in Sikh history, certainly not in the religious history. They have to look side ways for support in anti-democratic imperialist propped-up political formations and propaganda.



Massacre at Nankana Sahib: turning point in the struggle to bring gurdwaras under control of the sangats.

The apologist of British imperialism tried to make out that India with the diversified assembly of religions, with the barriers and division of castes, of the languages and other differences and with the widely varying range of social and cultural levels, inhibiting the vast subcontinental expanse of India did not constitute a nation. To establish this, they distorted the entire history of our country and gave it a communal interpretation. According to this brand of historians Guru Gobind Singh "organised the sect into the most dangerous and implacable enemy of the Mughal empire and the Muslim faith" (emphasis added).

This is not only a patent falsehood but a deliberate attempt but to communalise our history.

Nonetheless, the fundamentalists are facing another problem. Notwithstanding the fact that the Sikh gurus fought against the caste system, the devotees of the Sikh religion are still divided into 'Keshadharis' and 'Sahajdharis'. Besides this, there are various other sects of the Sikhs—Nihangs, Namdharis, Nirmalas and the Udasis — fact which is recognised by the Akali leadership and the SGPC. These sects have their own interpretation and thus give their own emphasis to the Sikh religion. They have separate organised structures, properties and institutions.

The fundamentalist, therefore, have to place their reliance either by misrepresenting the traditions of the Sikh religion or to certain isolated religious statements, which can be interpreted differently by different people. Since no interpretation has been made about the Sikh religion and its evolution in the context of the historical condations in which it was evolved and how it was essentially a movement for religious reformation on one hand and to bring about a synthesis between Hinduism and Islam, by mixing together the best elements of these two religions in those conditions, the fundamentalist have a free field. This does not mean that one should underrate the importance of exogenous structures for bolstering up or blocking Sikh fundamentalism.

**House To Rent**

5 Bed-rooms house — Three Bed-rooms main floor and 2 bed-rooms suite for rent.

Located at Renfrew & Rupert. Near School and Bus stop. Rent $775^{00}$ only.

**Phone 255-4925**

**(Phone after 5 p.m.)**

**FOR THE SOUTH ASIAN COMMUNITY**

**Sabrung** شہر میں اپنی نوعیت کا واحد

**SOUTHERN TELEVISION SHOW**

**GOOD NEWS FOR**

**THE SOUTH EAST ASIAN COMMUNITIES**

**LIVING IN BAY AREA**

**A new kind of television show on Cable Channel 25 can be seen on every Saturday at 6 p.m. regularly full of entertainment, excitement and music. Presents educational and informative program concerning our community's day to day life.**

**Producer and host: Irfan Ali**

**KEEP LISTENING TO SABRUNG RADIO & TELEVISION PROGRAM**

**TELEVISION (415) 928-1650** | **SATURDAYS 6:00 p.m.** | **CHANNEL 25 CABLE KUSF 90.3 FM**

RADIO PROGRAM

**SUNDAYS 10-12 NOON**

سبرنگ

**KUSF 90.3 FM**



# ਫ਼ਿਲਮ-ਲੋਰ



## ਪੰਜਾਬੀ ਫ਼ਿਲਮ ਨਿਰਮਾਤਾਵਾਂ ਦੀ ਗੁਰਦਾਸ ਮਾਨ ਪਿਛੇ ਦੌੜ

ਹਿੰਦੀ ਫਿਲਮਾਂ ਵਿਚ ਗਰੁਪ-ਬੰਦੀ ਤਾਂ ਸੁਣੀ ਜਾਂਦੀ ਸੀ, ਪਰ ਹੁਣ ਪੰਜਾਬੀ ਫਿਲਮ ਸਨਅਤ ਵੀ ਗਰੁਪ-ਬੰਦੀ ਦਾ ਸ਼ਿਕਾਰ ਹੋ ਚੁਕੀ ਹੈ। ਇਸ ਵਿਚ ਇਕ ਗਰੁਪ ਭਾਖੜੀ ਭਰਾਵਾਂ ਦਾ ਹੈ ਜਿਸ ਵਿਚ ਮੋਹਨ ਭਾਖੜੀ ਤੇ ਸਤੀਸ਼ ਭਾਖੜੀ ਸ਼ਾਮਲ ਹਨ। ਵਰਿੰਦਰ ਨੇ ਆਪਣਾ ਇਕ ਅਲੱਗ ਗਰੁਪ ਕਾਇਮ ਕੀਤਾ ਹੋਇਆ ਹੈ। ਜਗਜੀਤ ਤੇ ਇਕਬਾਲ ਢਿਲੋਂ ਦਾ ਗਰੁੱਪ 'ਮਾਹੀ ਮੁੰਡਾ' ਤੋਂ ਸ਼ੁਰੂ ਹੋ ਕੇ 'ਗੱਭਰੂ ਪੰਜਾਬ ਦਾ' ਤਕ ਤਿੰਨ ਫਿਲਮਾਂ ਦੇ ਚੁਕਾ ਹੈ। ਬਾਬੂ ਸਿੰਘ ਮਾਨ ਤੇ ਮੁਹੰਮਦ ਸਦੀਕ ਦਾ ਗਰੁਪ ਵੀ ਤਿੰਨ ਫਿਲਮਾਂ ਬਣਾ ਚੁਕਾ ਹੈ। ਇਕ ਗਰੁਪ ਕੇ. ਪੱਪੂ ਦਾ ਹੈ

ਗੁਰਦਾਸ ਮਾਨ ਦੇ ਫਿਲਮ ਇੰਡਸਟਰੀ ਵਿਚ ਆਉਣ ਨਾਲ ਕਈ ਗਰੁਪਾਂ ਵਿਚ ਪੰਜਾਬ ਦੇ ਇਸ ਗਾਇਕ ਨੂੰ ਕੈਸ਼ ਕਰਨ ਦੀ ਦੌੜ ਲੱਗੀ ਹੋਈ ਹੈ ਜਿਸ ਕਾਰਨ ਗੁਰਦਾਸ ਮਾਨ ਬੜੀ ਦੁਬਿਧਾ ਵਿਚ ਹੈ। ਦੋਹਾਂ ਭਾਖੜੀ ਭਰਾਵਾਂ ਨੇ ਗੁਰਦਾਸ ਮਾਨ ਨੂੰ ਲੈ ਕੇ ਫਿਲਮਾਂ ਆਰੰਭ ਕਰ ਦਿਤੀਆਂ ਹਨ। ਕੇ. ਪੱਪੂ ਵੀ ਗੁਰਦਾਸ ਮਾਨ ਨੂੰ ਸਾਈਨ ਕਰ ਚੁਕਾ ਹੈ। ਵਰਿੰਦਰ ਅਜੇ ਆਪਣੇ ਆਪ ਨੂੰ ਹੀਰੋ ਦੇ ਤੌਰ ਤੇ ਸਥਾਪਤ ਰਖਣਾ ਚਾਹੁੰਦਾ ਹੈ। ਕੁਝ ਸੰਘਰਸ਼ਕਾਰੀ ਨਵੇਂ ਨਿਰਮਾਤਾ ਗੁਰਦਾਸ ਮਾਨ ਦੀ ਪਤਨੀ ਮਨਜੀਤ ਮਾਨ ਨੂੰ ਹੀਰੋਇਨ ਬਣਾਉਣ ਦੀ ਬੈਸਾਖੀ ਲੈ ਕੇ ਗੁਰਦਾਸ ਮਾਨ ਨਾਲ ਚਿਪਕੇ ਹੋਏ ਹਨ।

ਗੁਰਦਾਸ ਮਾਨ ਦੇ ਹੀਰੋ ਆਉਣ ਨਾਲ ਮਿਹਰ ਮਿੱਤਲ ਨੇ ਆਪਣਾ ਰੇਟ ਦੁਗਣਾ ਕਰ ਦਿਤਾ ਹੈ। ਉਸ ਨੇ ਐਲਾਨ ਕੀਤਾ ਹੈ ਕਿ ਜਿਸ ਫਿਲਮ ਦਾ ਹੀਰੋ ਗੁਰਦਾਸ ਮਾਨ ਹੋਵੇਗਾ ਉਸ ਵਿਚ ਕੰਮ ਕਰਨ ਲਈ ਮੈਂ 70 ਹਜ਼ਾਰ ਲਵਾਂਗਾ। ਉਸ ਦਾ ਕਹਿਣਾ ਹੈ ਕਿ ਜੇ ਨਿਰਮਾਤਾ ਗੁਰਦਾਸ ਨੂੰ ਇਕ ਇਕ ਲੱਖ ਦੇ ਸਕਦਾ ਹੈ ਤਾਂ ਮੈਂ ਉਸ ਕੋਲੋਂ ਸੱਤਰ ਹਜ਼ਾਰ ਕਿਉਂ ਨਾ ਲਵਾਂ। ਜਿਹੜੇ ਨਿਰਮਾਤਾ ਛੋਟੀ ਸਟਾਰ ਕਾਸਟ ਲੈ ਕੇ ਫਿਲਮਾਂ ਬਣਾ ਰਹੇ ਹਨ ਉਨ੍ਹਾਂ ਲਈ ਮਿੱਤਲ ਨੇ ਆਪਣਾ ਪੁਰਾਣਾ ਰੇਟ 35 ਹਜ਼ਾਰ ਹੀ ਰਖਿਆ ਹੋਇਆ ਹੈ।

ਗੁਰਦਾਸ ਮਾਨ ਦੀ ਪਤਨੀ ਮਨਜੀਤ ਜੋ ਗੁਰਦਾਸ ਦੇ ਲੈਣ ਦੇਣ ਦਾ ਸਾਰਾ ਹਿਸਾਬ ਰਖਦੀ ਹੈ, ਬਾਰੇ ਇਹ ਚਰਚਾ ਹੈ ਕਿ ਉਹ ਨਿਰਮਾਤਾ ਕੋਲ ਇਹ ਸ਼ਰਤ ਰੱਖਦੀ ਹੈ ਕਿ ਗੁਰਦਾਸ ਮਾਨ ਜਿਸ ਫਿਲਮ ਦਾ ਹੀਰੋ ਹੋਵੇਗਾ, ਉਸ ਦਾ ਨਿਰਦੇਸ਼ਕ ਜਗਜੀਤ ਤੇ ਹੀਰੋਇਨ ਦਿਲਜੀਤ ਕੌਰ ਨਹੀਂ ਹੋਣੀ ਚਾਹੀਦੀ।

ਜਗਜੀਤ ਨੂੰ ਜਦੋਂ ਇਸ ਬਾਰੇ ਪੁਛਿਆ ਤਾਂ ਉਸ ਨੇ ਕਿਹਾ ਕਿ ਕੁਝ ਸਵਾਰਥੀ ਕਿਸਮ ਦੇ ਲੋਕਾਂ ਨੇ ਗੁਰਦਾਸ ਮਾਨ ਤੇ ਉਸ ਵਿਚਕਾਰ ਪਾੜਾ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਵੈਸੇ ਮੈਂ ਅਜ ਵੀ ਗੁਰਦਾਸ ਮਾਨ ਨਾਲ ਕੰਮ ਕਰਨ ਦਾ ਇਛਕ ਹਾਂ।

ਇਨ੍ਹਾਂ ਵੱਖ ਵੱਖ ਗਰੁਪਾਂ ਦੀ ਗੁਰਦਾਸ ਮਾਨ ਵਲ ਲੱਗੀ ਹੋਈ ਦੌੜ ਪੰਜਾਬੀ ਫਿਲਮ ਸਨਅਤ ਲਈ ਇਕ ਚੰਗੀ ਗੱਲ ਹੈ ਤੇ ਪੰਜਾਬੀ ਫਿਲਮਾਂ ਵਿਚ ਇਕ ਸੋਹਣੇ ਹੀਰੋ ਦਾ ਆਗਮਨ ਹੋਇਆ ਹੈ। ਗੁਰਦਾਸ ਮਾਨ ਇਕ ਵਧੀਆ ਐਕਟਰ ਦੇ ਤੌਰ ਤੇ ਸਥਾਪਤ ਹੋ ਸਕਦਾ ਹੈ ਪਰ ਉਸ ਨੂੰ ਹਰ ਫਿਲਮ ਚੁਣਨ ਤੋਂ ਪਹਿਲਾਂ ਆਪਣੇ ਕੈਰੀਅਰ ਤੇ ਫਿਲਮ ਦੇ ਰੋਲ ਬਾਰੇ ਪੂਰਾ ਧਿਆਨ ਰਖਣਾ ਚਾਹੀਦਾ ਹੈ।






ਵਾਲੀਆ ਫ਼ਿਲਮਜ਼ ਦੀ ਪੰਜਾਬੀ ਫ਼ਿਲਮ 'ਰੱਬ ਤੋਂ ਡਰ ਸੱਜਣਾ' ਦਾ ਐਸ ਐਲ ਸਟੂਡੀਉ ਬੰਬਈ ਵਿਖੇ ਸੈੱਟ ਲੱਗਾ ਹੋਇਆ ਹੈ। ਸਵੇਰ ਦੇ ਸਾਢੇ ਕੁ ਨੌਂ ਵਜੇ ਨ੍ਰਿਤਯ ਨਿਰਦੇਸ਼ਕ ਮਨੋਹਰ ਨਾਇਡੂ ਤੇ ਫ਼ਿਲਮ ਨਿਰਦੇਸ਼ਕ ਪਵਨ ਕੁਮਾਰ ਫ਼ਿਲਮ ਲਈ ਗੁਰਦਾਸ ਮਾਨ ਅਤੇ ਨੀਲਮ ਮਹਿਰਾ ਤੇ ਗਾਣਾ ਫਿਲਮਾਉਣ ਦੀਆਂ ਤਿਆਰੀਆਂ ਕਰ ਰਹੇ। ਗੁਰਦਾਸ ਮਾਨ ਅਤੇ ਨੀਲਮ ਮਹਿਰਾ ਨੂੰ ਨ੍ਰਿਤਯ ਦੇ ਦਾਅਪੇਚ ਸਮਝਾਕੇ ਕੈਮਰਾਮੈਨ ਮਨੋਹਰ ਅਚਾਰੀਆ ਨੂੰ ਰੈਡੀ ਕਹਿ ਦਿੱਤਾ ਜਾਂਦਾ ਹੈ ਤੇ ਫਿਰ ਗਾਣਾ ਵੱਜਣਾ ਸ਼ੁਰੂ ਹੋ ਜਾਂਦਾ ਹੈ।

'ਸੋਹਣਿਆਂ ਨਾਰ ਪਟੋਲੇ ਵਰਗੀ' ਵਾਲੇ ਬੋਲਾਂ ਤੇ ਕੈਮਰੇ ਅੱਗੇ ਗੁਰਦਾਸ ਮਾਨ ਕਰੀਮ ਰੰਗ ਦੇ ਕੁੜਤੇ ਅਤੇ ਨੇਵੀ ਬਲੂ ਰੰਗ ਦੀ ਕਟਰਾਈ ਪਾ ਕੇ ਪੈਰਾਂ ਵਿਚ ਗੁਰਗਾਬੀ ਸਮੇਤ ਆ ਥਿਰਕਦਾ ਹੈ। ਚੀਤੇ ਦੀ ਖੱਲ ਵਰਗਾ ਭੂਰੇ ਰੰਗ ਦਾ ਸੂਟ ਅਤੇ ਪੈਰਾਂ ਵਿਚ ਕੋਲਹਾਪੁਰੀ ਜੁੱਤੀ ਪਾਈ ਨੀਲਮ ਮਹਿਰਾ ਗਾਣੇ ਦੇ ਬੋਲਾਂ ਮੁਤਾਬਿਕ ਨੱਚਕੇ ਗਾਉਂਦੀ ਹੈ। ਸ਼ਾਮ ਤੱਕ ਸ਼ਮਸ਼ੇਰ ਸੰਧੂ ਦਾ ਲਿਖਿਆ ਅਤੇ ਚਰਨਜੀਤ ਆਹੂਜਾ ਦੇ ਸੰਗੀਤ ਵਿਚ ਪਰੋਇਆ ਗੀਤ ਫ਼ਿਲਮਾ ਲਿਆ ਜਾਂਦਾ ਹੈ।

ਫ਼ਿਲਮ ਦਾ ਕਹਾਣੀਕਾਰ ਅਤੇ ਖਲਨਾਇਕ ਸੁਰਿੰਦਰ ਵਾਲੀਆ ਦੱਸਦਾ ਹੈ ਕਿ ਫ਼ਿਲਮ ਵਿਚ ਨੀਲਮ ਮਹਿਰਾ ਜੋ ਗੁਰਦਾਸ ਮਾਨ ਦੇ ਪਿੰਡ ਦੀ ਕੁੜੀ ਹੈ, ਉਸ ਨੂੰ ਪਿਆਰ ਕਰਦੀ ਹੈ ਪਰ ਉਹ ਨਹੀਂ ਕਰਦਾ ਅਤੇ ਉਸ ਦੇ ਪਿੰਡ ਪਰਤਣ ਤੇ ਉਹ ਇਹ ਗਾਣਾ ਗਾ ਕੇ ਆਪਣੇ ਜਜ਼ਬਾਤਾਂ ਤੇ ਪਿਆਰ ਦਾ ਪ੍ਰਗਟਾਵਾ ਕਰਦੀ ਹੈ।

ਨਿਰਮਾਤਾ ਅਮਰਜੀਤ ਸਿੰਘ ਵਾਲੀਆ ਦੀ 'ਰੱਬ ਤੋਂ ਡਰ ਸੱਜਣਾ' ਵਿਚ ਗੁਰਦਾਸ ਮਾਨ, ਨੀਲਮ ਮਹਿਰਾ, ਮਨਜੀਤ ਮਾਨ, ਯਸ਼ ਸ਼ਰਮਾ, ਬੀਨਾ ਸ਼ਿਆਮ, ਵੇਦ ਗੋਸਵਾਮੀ, ਡਾ: ਸੁਰਿੰਦਰ ਸ਼ਰਮਾ ਤੇ ਸੁਰਿੰਦਰ ਵਾਲੀਆ ਮੁੱਖ ਭੂਮਿਕਾਵਾਂ ਨਿਭਾ ਰਹੇ ਹਨ। ਨਿਰਮਾਤਾ ਮੁਤਾਬਿਕ ਫ਼ਿਲਮ ਦਾ ਅਗਲਾ ਸ਼ੈਡਿਊਲ ਜੁਲਾਈ ਦੇ ਅਖੀਰ ਵਿਚ ਬੰਬਈ ਵਿਖੇ ਅਤੇ ਤੀਜਾ ਤੇ ਅੰਤਿਮ ਸ਼ੈਡਿਊਲ ਸਤੰਬਰ ਮਹੀਨੇ ਵਿਚ ਪੰਜਾਬ ਦੀ ਆਊਟ-ਡੋਰ ਸ਼ੂਟਿੰਗ ਦੌਰਾਨ ਮੁਕੰਮਲ ਕਰ ਲਿਆ ਜਾਏਗਾ।



ਅਭਿਸ਼ੇਖ, ਉਰਮਿਲਾ ਭੱਟ


## ਸੁਪਰ ਫੋਟੋ ਸਟੂਡੀਓ

**Passport Photos 5 Mins. Service**

**Quality Portraits**

**Our Bussiness Weddings**



**Super Photo Studio**

9375 - 120th St. (Scott Rd.) Delta

**Memories Restored**

ਅਸੀਂ ਪੁਰਾਣੀਆਂ ਫਟੀਆਂ ਫੋਟੋਆਂ ਮੁੜ ਨਵੀਆਂ ਕਰਦੇ ਹਾਂ — ਬਲੈਕ ਐਂਡ ਵਾਈਟ ਫੋਟੋਆਂ ਕੱਲਰ ਕੀਤੀਆਂ ਜਾਂਦੀਆਂ ਹਨ

**Off. 589-4668**
**Res. 596-3770**

# MINT AUTO BODY LTD.

5590 Lane Street, Burnaby, B.C. V5H 2H5

- Complete Professional Auto Body Repairs and Refinishing on all makes and models
- I.C.B.C. claims handled promptly
- Complete framework ■ UNI - BODY repairs
- All work conditionally guaranteed
- Free estimates ■ Courtesy cars



ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ

For further information call:

**Phone: 433-1207** Bhupinder(Bob) Sihota

# ਕਾਮਨਵੈਲਥ ਖੇਡਾਂ ਦਾ ਭਾਰਤ ਵਲੋਂ ਬਾਈਕਾਟ

## ਬਾਈਕਾਟ ਵਿਚ 31 ਦੇਸ਼ ਸ਼ਾਮਲ ਹੋ ਗਏ

ਐਡੰਬਰਾ — ਇਥੇ ਹੋ ਰਹੀਆਂ ਕਾਮਨਵੈਲਥ ਖੇਡਾਂ ਵਿਚ 49 ਵਿਚੋਂ 31 ਦੇਸ਼ਾਂ ਨੇ ਬਾਈਕਾਟ ਕਰ ਦਿਤਾ ਹੈ। ਇਹ ਕਦਮ ਇਸ ਲਈ ਚੁਕਿਆ ਗਿਆ ਹੈ ਕਿਉਂਕਿ ਇੰਗਲੈਂਡ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਨੇ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਵਿਰੁੱਧ ਆਰਥਿਕ ਪਾਬੰਦੀਆਂ ਲਾਉਣ ਤੋਂ ਇਨਕਾਰ ਕਰ ਦਿਤਾ ਹੈ।

**ਭਾਰਤ ਦੇ ਖੇਡਾਂ ਦੇ ਮੰਤਰੀ ਨੇ ਦਿੱਲੀ ਵਿਚ ਐਲਾਨ ਕੀਤਾ ਕਿ ਭਾਰਤ ਦੇ 99 ਖਿਡਾਰੀ ਐਡੰਬਰਾ ਦੀਆਂ ਖੇਡਾਂ ਵਿਚ ਭਾਗ ਨਹੀਂ ਲੈਣਗੇ।**

ਬਾਈਕਾਟ ਕਰਨ ਵਾਲੇ ਦੇਸ਼ਾਂ ਵਿਚ 12 ਅਫਰੀਕਨ ਦੇਸ਼, 10 ਕੈਰੇਬੀਅਨ, 7 ਏਸ਼ੀਅਨ ਅਤੇ ਦੋ ਯੂਰਪੀ ਹਨ।

ਹੁਣ ਖੇਡਾਂ ਕੇਵਲ ਚਿੱਟੇ ਖਿਡਾਰੀਆਂ ਦੀਆਂ ਹੀ ਰਹਿ ਗਈਆਂ ਹਨ ਜਿਨ੍ਹਾਂ ਵਿਚ ਕੈਨੇਡਾ, ਇੰਗਲੈਂਡ, ਆਸਟਰੇਲੀਆਂ ਤੇ ਨਿਊਜ਼ੀਲੈਂਡ ਹਨ। ਇੰਗਲੈਂਡ ਆਪ ਚਾਰ ਟੀਮਾਂ ਭੇਜਦਾ ਹੈ। ਜਿਨ੍ਹਾਂ ਵਿਚ ਇੰਗਲੈਂਡ, ਸਕਾਟਲੈਂਡ, ਵੇਲਜ਼ ਤੇ ਉਤਰੀ ਆਇਰਲੈਂਡ ਹਨ।

# ਕੈਨੇਡੀਅਨ ਫਾਰਮ ਵਰਕਰਜ਼ ਵਲੋਂ 16 ਸਟੈਂਪਾਂ ਵਿਰੁੱਧ ਘੋਲ ਦੀ ਆਵਾਜ਼ ਪਾਰਲੀਮੈਂਟ ਵਿਚ

ਅਟਵਾ — ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੇ ਪ੍ਰਧਾਨ ਸ੍ਰੀ ਸਰਵਣ ਬੋਲ ਨੂੰ ਪਾਰਲੀਮੈਂਟ ਮੈਂਬਰ ਸਵੈਂਡ ਰੌਬਿਨਸਨ ਦਾ ਇਕ ਖਤ ਮਿਲਿਆ ਹੈ ਜਿਸ ਵਿਚ ਲਿਖਿਆ ਹੋਇਆ ਹੈ ਕਿ ਯੂਨੀਅਨ ਵਲੋਂ ਭੇਜੀ ਪਟੀਸ਼ਨ ਕਿ 16 ਸਟੈਂਪਾਂ ਵਾਲਾ ਕਾਨੂੰਨ ਵਾਪਸ ਲਿਆ ਜਾਵੇ ਦੀ ਸੁਣਵਾਈ ਪਾਰਲੀਮੈਂਟ ਵਿਚ ਹੋਈ। ਸਵੈਂਡ ਰੌਬਿਨਸਨ ਨੇ ਲਿਖਿਆ ਹੈ ਕਿ 16 ਸਟੈਂਪਾਂ ਦਾ ਬੁਰਾ ਪ੍ਰਭਾਵ ਫਾਰਮ ਵਰਕਰਾਂ ਉਤੇ ਪਵੇਗਾ ਕਿਉਂਕਿ ਉਹ ਤਾਂ ਅੱਗੇ ਹੀ ਆਰਥਿਕ ਤੌਰ ਉਤੇ ਗਰੀਬੀ ਦੀ ਪੱਧਰ ਤੋਂ ਥੱਲੇ ਰਹਿ ਰਹੇ ਹਨ। ਮਿ: ਰੌਬਿਨਸਨ ਨੇ ਪਾਰਲੀਮੈਂਟ ਵਿਚ ਵੀ ਕਿਹਾ ਕਿ ਦਸ ਹਜ਼ਾਰ ਫਾਰਮ ਵਰਕਰਾਂ ਉਤੇ ਇਸ ਕਾਨੂੰਨ ਦਾ ਸਿਧਾ ਅਸਰ ਪਵੇਗਾ ਤੇ ਉਹ ਬੇਰੁਜ਼ਗਾਰੀ ਭੱਤਾ ਨਹੀਂ ਲੈ ਸਕਣਗੇ। ਪਾਰਲੀਮੈਂਟ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਕੇਵਲ ਫਾਰਮਵਰਕਰਾਂ ਉਤੇ ਹੀ ਇਸ ਦਾ ਪ੍ਰਭਾਵ ਨਹੀਂ ਪਵੇਗਾ ਸਗੋਂ ਲੌਗਰ, ਮੱਛੀਆਂ ਫੜਨ ਵਾਲੇ ਆਦਿ ਵੀ ਇਸ ਪ੍ਰਭਾਵ ਤੋਂ ਬਚ ਨਹੀਂ ਸਕਣਗੇ।

ਮਿ: ਰੌਬਿਨਸਨ ਨੇ ਅੱਗੇ ਕਿਹਾ ਕਿ ਇਸ ਦਾ ਮਾੜਾ ਅਸਰ ਈਸਟ ਇੰਡੀਅਨਾਂ ਉਤੇ ਪਵੇਗਾ ਕਿਉਂਕਿ ਉਨ੍ਹਾਂ ਨੂੰ ਸਪੌਂਸਰ ਕਰਕੇ ਸੱਦਿਆ ਜਾਂਦਾ ਹੈ — ਇਸ ਲਈ ਉਹ ਵੈਲਫੇਅਰ ਨਹੀਂ ਲੈ ਸ਼ਕਦੇ।

# ਰਾਜੀਵ ਗਾਂਧੀ ਪੰਜਾਬ ਮਸਲੇ ਦਾ ਹੱਲ ਨਹੀਂ ਕਰ ਸਕਦਾ — ਫਰਨਾਂਡੇਜ਼

ਨਵੀਂ ਦਿੱਲੀ — "ਪੰਜਾਬ ਦੀ ਸਮੱਸਿਆ ਇਕ ਰਾਜਨੀਤਕ ਸਮੱਸਿਆ ਸੀ, ਜਿਸ ਨੂੰ ਸ੍ਰੀਮਤੀ ਇੰਦਰਾ ਗਾਂਧੀ ਨੇ ਪੈਦਾ ਕੀਤਾ, ਹੁਣ ਇਹ ਸ਼ੁੱਧ ਰੂਪ ਵਿਚ ਇਕ ਮਨੁੱਖੀ ਕੀਮਤਾਂ ਉਪਰ ਅਧਾਰਤ ਸਮੱਸਿਆ ਬਣ ਗਈ ਹੈ" ਇਹ ਵਿਚਾਰ ਜਨਤਾ ਪਾਰਟੀ ਦੇ ਨੇਤਾ ਜਾਰਜ ਫਰਨਾਂਡੇਜ਼ ਨੇ ਹਿੰਦੀ ਦੀ ਇਕ ਮਾਸਿਕ ਪਤ੍ਰਿਕਾ (ਮਾਯਾ) ਲਈ ਦਿੱਤੀ ਇਕ ਮੁਲਾਕਾਤ ਵਿਚ ਪ੍ਰਗਟ ਕੀਤੇ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿਚ ਆਖਿਆ ਕਿ ਜਦੋਂ ਤਕ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਹਨ, ਤਦੋਂ ਤਕ ਪੰਜਾਬ ਸਮੱਸਿਆ ਦਾ ਹੱਲ ਸੰਭਵ ਨਹੀਂ ਹੈ। ਇਸ ਦਾ ਕਾਰਨ ਦੱਸਦਿਆਂ ਜਾਰਜ ਫਰਨਾਂਡੇਜ਼ ਨੇ ਆਖਿਆ ਕਿ ਰਾਜੀਵ ਗਾਂਧੀ ਨੇ ਆਪਣੀ ਮਾਂ (ਸ੍ਰੀਮਤੀ ਇੰਦਰਾ ਗਾਂਧੀ) ਦੇ ਕਤਲ ਤੋਂ ਬਾਦ ਪਬਲਿਕ ਤੌਰ 'ਤੇ ਆਖਿਆ ਕਿ ਜਦੋਂ ਇਕ ਵੱਡਾ ਦਰਖਤ ਡਿਗਦਾ ਹੈ ਤਾਂ ਧਰਤੀ ਹਿਲਦੀ ਹੀ ਹੈ। ਇਕ ਵਿਅਕਤੀ ਜੋ ਆਪਣੀ ਮਾਂ ਦੀ ਲਾਸ਼ ਨੂੰ ਟੈਲੀਵੀਜ਼ਨ ਰਾਹੀਂ ਘਰ-ਘਰ ਦਿਖਾ ਕੇ ਸਿੱਖਾਂ ਦੇ ਕਤਲ ਨੂੰ ਠੀਕ ਠਹਿਰਾਉਂਦਾ ਹੈ, ਉਹ ਵਿਅਕਤੀ ਜਦੋਂ ਤੱਕ ਪ੍ਰਧਾਨ ਮੰਤਰੀ ਹੈ ਪੰਜਾਬ ਸਮੱਸਿਆ ਦਾ ਕੋਈ ਹੱਲ ਨਹੀਂ ਨਿਕਲ ਸਕਦਾ। ਉਨ੍ਹਾਂ ਹੋਰ ਆਖਿਆ ਕਿ ਸ੍ਰੀਮਤੀ ਗਾਂਧੀ ਦੇ ਕਤਲ ਤੋਂ ਬਾਅਦ ਹੋਏ ਫਸਾਦ, ਫਿਰਕਾਦਾਰਾਨਾ ਨਹੀਂ ਸਨ, ਕਿਉਂਕਿ ਸਿੱਖਾਂ ਨੇ ਕਿਸੇ ਦਾ ਵੀ ਕਤਲ ਨਹੀਂ ਸੀ ਕੀਤਾ।

ਪੰਜਾਬ ਸਮੱਸਿਆ ਦਾ ਹੱਲ ਕਿਵੇਂ ਹੋ ਸਕਦਾ ਹੈ? ਇਸ ਪ੍ਰਸ਼ਨ ਦਾ ਉਤਰ ਦਿੰਦਿਆਂ ਜਾਰਜ ਫਰਨਾਂਡੇਜ਼ ਨੇ ਆਖਿਆ ਕਿ ਪੰਜਾਕ ਸਮੱਸਿਆ ਦਾ ਹੱਲ ਕੇਂਦਰ 'ਤੇ ਨਿਰਭਰ ਕਰਦਾ ਹੈ ਪ੍ਰੰਤੂ ਇਹ ਤਾਂ ਹੀ ਹੋ ਸਕਦਾ ਹੈ, ਜੇ ਉਸ ਦੀ ਵਾਗਡੋਰ ਅਜਿਹੇ ਵਿਅਕਤੀ ਦੇ ਹੱਥ ਵਿਚ ਹੋਵੇ ਜਿਸ ਦੇ ਹੱਥ ਤਿੰਨ ਹਜ਼ਾਰ ਸਿੱਖਾਂ ਦੇ ਖੂਨ ਨਾਲ ਰੰਗੇ ਨਾ ਹੋਣ। ਜਾਰਜ ਫਰਨਾਂਡੇਜ਼ ਨੇ ਇਹ ਵੀ ਦੋਸ਼ ਲਾਇਆ ਕਿ ਪੰਜਾਬ ਸਮਝੌਤਾ ਅਕਾਲੀ ਦਲ ਨੂੰ ਦੋ-ਫਾੜ ਕਰਨ ਦਾ ਯਤਨ ਸੀ, ਜਿਸ ਵਿਚ ਉਹ ਸਫਲ ਰਿਹਾ। ਸ੍ਰੀ ਬਰਨਾਲਾ ਮੁੱਖ ਮੰਤਰੀ ਪੰਜਾਬ ਦਾ ਜ਼ਿਕਰ ਕਰਦਿਆਂ ਉਨ੍ਹਾਂ ਆਖਿਆ ਕਿ ਉਹ ਦਿੱਲੀ ਦੇ ਸੱਤਾ ਸ਼ਿਕੰਜੇ ਵਿਚ ਫਸੇ ਹੋਏ ਹਨ, ਮੈਨੂੰ ਨਹੀਂ ਜਾਪਦਾ ਕਿ ਉਸ ਵਿਚੋਂ ਉਹ ਆਪਣੇ ਆਪ ਨੂੰ ਕੱਢ ਸਕਣ। ਸ੍ਰੀ ਬਾਦਲ ਉਪਰ ਆਪਣੀ ਰਾਜਨੀਤਕ-ਲਾਲਸਾ ਪੂਰੀ ਕਰਨ ਲਈ ਦਲ ਵਿਚ ਫੁੱਟ ਪਾਉਣ ਦੇ ਲਾਏ ਜਾ ਰਹੇ ਦੋਸ਼ ਦੇ ਸਬੰਧ ਵਿਚ ਉਨ੍ਹਾਂ ਆਖਿਆ ਕਿ ਜੇ ਕਿਸੇ ਵਿਚ ਰਾਜਨੀਤਕ ਸਫਲਤਾ ਪ੍ਰਾਪਤ ਕਰਨ ਦੀ ਲਾਲਸਾ ਨਹੀਂ ਹੈ ਤਾਂ ਉਸ ਨੂੰ ਰਾਜਨੀਤੀ ਵਿਚ ਰਹਿਣ ਦੀ ਬਜਾਏ ਕਿਸੇ ਆਸ਼ਰਮ ਵਿਚ ਜਾ ਰਹਿਣਾ ਚਾਹੀਦਾ ਹੈ। ਸ੍ਰੀ ਬਾਦਲ ਅਤੇ ਅਮਰਿੰਦਰ ਸਿੰਘ ਵਲੋਂ ਦਿਤੇ ਗਏ ਅਸਤੀਫਿਆਂ ਦਾ ਜ਼ਿਕਰ ਕਰਦਿਆਂ ਜਾਰਜ ਫਰਨਾਂਡੇਜ਼ ਨੇ ਆਖਿਆ ਕਿ ਉਨ੍ਹਾਂ ਨੂੰ ਅਸਤੀਫਾ ਦੇਣ ਦੀ ਸਥਿਤੀ ਵਿਚ ਧੱਕ ਦਿੱਤਾ ਗਿਆ ਸੀ। ਬਾਦਲ ਇਕ ਵਾਰ ਨਹੀਂ, ਦੋ-ਦੋ ਵਾਰ ਮੁਖ ਮੰਤਰੀ ਰਹੇ ਹਨ ਪ੍ਰੰਤੂ ਉਨ੍ਹਾਂ ਨੂੰ ਵਿਸ਼ਵਾਸ਼ ਵਿਚ ਲੈਣਾ ਮੁਨਾਸਿਬ ਨਹੀਂ ਸਮਝਿਆ ਗਿਆ। ਪੰਜਾਬ-ਸਮਝੌਤੇ ਸਮੇਂ ਵੀ ਉਨ੍ਹਾਂ ਨੂੰ ਵੱਖ ਰੱਖਿਆ ਗਿਆ।

# ਤਲਵਿੰਦਰ ਸਿੰਘ ਪਰਮਾਰ ਤੇ ਸਾਥੀਆਂ ਦੀਆਂ ਜ਼ਮਾਨਤਾਂ ਨਾ ਹੋਈਆਂ

ਹੈਮਿਲਟਨ — ਮੰਗਲਵਾਰ ਨੂੰ ਓਂਟੇਰੀਓ ਸੁਪਰੀਮ ਕੋਰਟ ਦੇ ਜੱਜ ਨੇ ਕਿਹਾ ਕਿ ਕੈਨੇਡੀਅਨ ਲੋਕ ਇਹ ਕਦੇ ਬਰਦਾਸ਼ਤ ਨਹੀਂ ਕਰਨਗੇ ਕਿ ਉਨ੍ਹਾਂ ਦੇ ਦੇਸ਼ ਨੂੰ ਦਹਿਸ਼ਤਪਸੰਦੀ ਫੈਲਾਉਣ ਲਈ ਵਰਤਿਆ ਜਾਵੇ। ਇਹ ਸ਼ਬਦ ਕਹਿੰਦਿਆਂ ਉਨ੍ਹਾਂ ਤਲਵਿੰਦਰ ਸਿੰਘ ਪਰਮਾਰ ਤੇ ਉਨ੍ਹਾਂ ਦੇ ਦੋ ਸਾਥੀਆਂ ਦੀਆਂ ਜ਼ਮਾਨਤਾਂ ਦੀਆਂ ਅਰਜ਼ੀਆਂ ਰੱਦ ਕਰ ਦਿੱਤੀਆਂ।

ਜੱਜ ਸਾਹਮਣੇ ਸਰਕਾਰੀ ਵਕੀਲ ਨੇ ਕਿਹਾ ਕਿ ਇਹ ਮਾਮਲਾ ਕੌਮਾਂਤਰੀ ਦਹਿਸ਼ਤਪਸੰਦੀ ਦਾ ਹੈ — ਇਸ ਲਈ ਜ਼ਮਾਨਤਾਂ ਦੀ ਅਰਜ਼ੀ ਰੱਦ ਕੀਤੀ ਜਾਵੇ।

ਤਲਵਿੰਦਰ ਸਿੰਘ ਪਰਮਾਰ, ਤੇਜਿੰਦਰ ਸਿੰਘ ਕਲੋਅ, ਤੇ ਸਾਧੂ ਸਿੰਘ ਥਿਆੜਾ ਦੀਆਂ ਜ਼ਮਾਨਤਾਂ ਦੀਆਂ ਅਰਜ਼ੀਆਂ ਰੱਦ ਕਰ ਦਿਤੀਆਂ ਗਈਆਂ। ਇਨ੍ਹਾਂ ਤਿੰਨਾਂ ਨੂੰ 14 ਜੂਨ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਤੇ ਇਨ੍ਹਾਂ ਤੇ ਕਥਿਤ ਦੋਸ਼ ਸੀ ਕਿ ਇਹ ਭਾਰਤ ਵਿਚ ਦਹਿਸ਼ਤਪਸੰਦ ਕਾਰਵਾਈਆਂ ਦੀ ਸਾਜ਼ਸ਼ ਕਰ ਰਹੇ ਸਨ। ਚਾਰ ਵਿਅਕਤੀਆਂ ਦੀ ਪਹਿਲਾਂ ਜ਼ਮਾਨਤਾਂ ਹੋ ਗਈਆਂ ਸਨ।


PIZZA 222 TRADEMARK

One Pizza Number - 16 Locations
Call 222-2222

(ਜਦੋਂ ਤੁਸੀਂ ਬਹੁਤਿਆਂ ਨੇ ਖਾਣਾ ਖਾਣਾ ਹੋਵੇ)




Free Delivery

Hours of operation :
Mon. - Tues. - Wed. — 4.00 p.m. — 2.00 a.m.
Thurs. Fri. Sat. — 11.00 a.m. - 3.00 a.m.
Sun. & Holidays — 11.00 a.m. to 2.00 a.m.

ਫੋਨ ਕਰੋ :
222-2222